UNHCR
The UN Refugee Agency

# ਆਇਰਲੈਂਡ ਵਿੱਚ ਪਨਾਹ:

## ਨੌਜਵਾਨ ਲੋਕਾਂ ਲਈ ਇੱਕ ਰਾਹਨੁਮਾਈ ਪੁਸਤਿਕਾ



# ਮਹੱਤਵਪੂਰਨ ਨਿੱਜੀ ਜਾਣਕਾਰੀ

ਨਾਂ: ..........................................................................................

ਸੰਪਰਕ ਵੇਰਵੇ: ..........................................................................................

ਪਨਾਹ ਦੀ ਅਰਜ਼ੀ ਦਾ ਹਵਾਲਾ ਨੰਬਰ: ..........................................................................................

ਤੁਸਲਾ ਸਮਾਜ ਸੇਵੀ ਦਾ ਨਾਂ ਅਤੇ ਸੰਪਰਕ ਵੇਰਵੇ: ..........................................................................................

..........................................................................................

ਵਕੀਲ ਦਾ ਨਾਂ ਅਤੇ ਸੰਪਰਕ ਵੇਰਵੇ: ..........................................................................................

..........................................................................................

PPS ਨੰਬਰ: ..........................................................................................

ਮੇਰੇ ਨਿੱਜੀ ਨੋਟਸ: ..........................................................................................

..........................................................................................

..........................................................................................

..........................................................................................

..........................................................................................

# ਵਿਸ਼ਾ-ਵਸਤੂ




1. ਇਸ ਪੁਸਤਿਕਾ ਦੇ ਬਾਰੇ ........ 7
2. ਪਨਾਹ ਲਈ ਅਰਜ਼ੀ ਦੇਣ ਦਾ ਕੀ ਮਤਲਬ ਹੈ? ........ 9
3. ਪਨਾਹ ਲਈ ਅਰਜ਼ੀ ਦੇਣ ਤੋਂ ਪਹਿਲਾਂ ........ 15
4. ਆਇਰਲੈਂਡ ਵਿੱਚ ਪਨਾਹ ਦੀ ਪ੍ਰਕਿਰਿਆ ........ 19
5. IPO ਪ੍ਰਕਿਰਿਆ ........ 23
6. IPO ਨਿਰਣਾ ........ 33
7. IPAT ਅਪੀਲ ........ 35
8. ਹੋਰ ਜਾਣਕਾਰੀ ........ 43
9. ਤੁਹਾਡੇ ਅਧਿਕਾਰ ........ 47
10. ਦੂਜੇ ਸੰਗਠਨ ........ 51

# 1.

# ਇਸ ਪੁਸਤਿਕਾ ਦੇ ਬਾਰੇ

# ਇਹ ਪੁਸਤਿਕਾ ਉਨ੍ਹਾਂ ਇਕੱਲੇ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਹੈ ਜੋ ਆਇਰਲੈਂਡ ਵਿੱਚ ਪਨਾਹ ਦੀ ਤਲਾਸ਼ ਵਿੱਚ ਹਨ।

ਇਹ ਪਨਾਹ ਦੀ ਪ੍ਰਕਿਰਿਆ ਵਿੱਚ ਵੱਖ-ਵੱਖ ਕਦਮਾਂ ਬਾਰੇ ਦੱਸਦੀ ਹੈ।[1] ਪਨਾਹ ਪ੍ਰਕਿਰਿਆ ਵਿੱਚ ਕੁਝ ਸ਼ਬਦਾਂ ਦੇ ਖ਼ਾਸ ਅਰਥ ਹੁੰਦੇ ਹਨ ਇਸਲਈ ਆਓ ਸਭ ਤੋਂ ਪਹਿਲਾਂ ਸ਼ਬਦ 'ਇਕੱਲੇ ਬੱਚਿਆਂ' "ਤੇ ਨਜ਼ਰ ਮਾਰੀਏ। **ਇਕੱਲੇ ਬੱਚੇ ਉਹ ਬੱਚੇ ਹੁੰਦੇ ਹਨ ਜਿਨ੍ਹਾਂ ਦੀ ਦੇਖਭਾਲ ਅਤੇ ਰੱਖਿਆ ਵਾਸਤੇ ਜ਼ਿੰਮੇਵਾਰ ਮਾਪੇ ਜਾਂ ਕੋਈ ਹੋਰ ਸਿਆਣਾ, ਜਿਵੇਂ ਕਿ ਗਾਰਡਿਅਨ, ਉਨ੍ਹਾਂ ਦੇ ਨਾਲ ਨਹੀਂ ਰਹਿੰਦੇ।**[2]

ਪਨਾਹ ਪ੍ਰਕਿਰਿਆ ਬਾਰੇ ਸੰਖੇਪ ਜਾਣਕਾਰੀ ਲਈ,
ਇੱਥੇ ਜਾ ਕੇ **www.unhcr.org** ਸਾਡੀ ਐਨੀਮੇਸ਼ਨ ਦੇਖੋ।




1. ਅਸਵੀਕਰਨ: ਇਹ ਪੁਸਤਿਕਾ ਸਿਰਫ਼ ਸੂਚਨਾ ਦੇ ਉਦੇਸ਼ਾਂ ਲਈ ਹੈ, ਇਸ ਵਿੱਚ ਕੋਈ ਕਾਨੂੰਨੀ ਸਲਾਹ ਸ਼ਾਮਲ ਨਹੀਂ ਹੈ ਅਤੇ ਇਸ ਨੂੰ ਬਦਲਿਆ ਜਾ ਸਕਦਾ ਹੈ।
2. ਆਈਰਿਸ਼ ਕਨੂੰਨ ਵਿੱਚ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਇੱਕ ਬੱਚੇ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਜਦੋਂ ਸ਼ਬਦ 'ਨੌਜਵਾਨ ਵਿਅਕਤੀ' ਇਸ ਪੁਸਤਿਕਾ ਵਿੱਚ ਵਰਤਿਆ ਜਾਂਦਾ ਹੈ, ਤਾਂ ਇਸਦਾ ਮਤਲਬ 18 ਸਾਲ ਤੋਂ ਘੱਟ ਉਮਰ ਵਾਲਾ ਇੱਕ ਕਿਸ਼ੋਰ ਹੁੰਦਾ ਹੈ।

# 2.

# ਪਨਾਹ ਲਈ ਅਰਜ਼ੀ ਦੇਣ ਦਾ ਕੀ ਮਤਲਬ ਹੈ?

# ਜਦੋਂ ਤੁਸੀਂ ਆਇਰਲੈਂਡ ਵਿੱਚ ਪਨਾਹ ਲਈ ਅਰਜ਼ੀ ਦਿੰਦੇ ਹੋ, ਤਾਂ ਇਸਦਾ ਮਤਲਬ ਹੈ ਕਿ ਤੁਸੀਂ ਆਈਰਿਸ਼ ਪ੍ਰਦੇਸ਼ ਤੋਂ ਤੁਹਾਨੂੰ ਸੁਰੱਖਿਅਤ ਰੱਖਣ ਦੀ ਮੰਗ ਕਰ ਰਹੇ ਹੋ ਕਿਉਂਕਿ ਤੁਸੀਂ ਆਪਣੇ ਦੇਸ਼ ਵਾਪਸ ਜਾਣ ਤੋਂ ਡਰਦੇ ਹੋ।

'ਪਨਾਹ' ਨੂੰ ਕਈ ਵਾਰ 'ਅੰਤਰ-ਰਾਸ਼ਟਰੀ ਸੁਰੱਖਿਆ' ਕਿਹਾ ਜਾਂਦਾ ਹੈ। **ਪਨਾਹ ਪ੍ਰਕਿਰਿਆ ਉਹ ਪ੍ਰਕਿਰਿਆ ਹੈ ਜਿਸ ਵਿੱਚ ਆਈਰਿਸ਼ ਪ੍ਰਦੇਸ਼ ਪਤਾ ਲਗਾਉਂਦਾ ਹੈ ਕਿ ਤੁਸੀਂ ਆਪਣੇ ਦੇਸ਼ ਵਾਪਸ ਕਿਉਂ ਨਹੀਂ ਜਾ ਸਕਦੇ ਅਤੇ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਕਿਉਂ ਚਾਹੀਦੀ ਹੈ।**

ਆਇਰਲੈਂਡ ਵਿੱਚ, ਤੁਹਾਡੇ ਦੇਸ਼ ਵਿੱਚ ਨੁਕਸਾਨ ਤੋਂ ਬਚਾਉਣ ਦੇ ਦੋ ਤਰੀਕੇ ਹਨ:

1. **ਸ਼ਰਨਾਰਥੀ ਦਾ ਦਰਜਾ**
2. **ਸਬਸਿਡਰੀ ਪ੍ਰੋਟੈਕਸ਼ਨ (ਸਹਾਇਕ ਰੱਖਿਆ)**

ਜਦੋਂ ਤੁਸੀਂ ਪਨਾਹ ਲਈ ਅਰਜ਼ੀ ਦਿੰਦੇ ਹੋ, ਤਾਂ ਆਈਰਿਸ਼ ਪ੍ਰਦੇਸ਼ ਦੇਖੇਗਾ ਕਿ ਕੀ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਚਾਹੀਦਾ ਹੈ ਜਾਂ ਸਬਸਿਡਰੀ ਪ੍ਰੋਟੈਕਸ਼ਨ। ਉਹ ਇਹ ਵੀ ਦੇਖਣਗੇ ਕਿ ਕੀ ਅਜਿਹੇ ਕੋਈ ਕਾਰਨ ਹਨ ਕਿ ਤੁਹਾਨੂੰ ਆਇਰਲੈਂਡ ਵਿੱਚ ਕਿਉਂ ਰਹਿਣਾ ਚਾਹੀਦਾ ਹੈ। ਇਸਨੂੰ ਇੱਥੇ ਰਹਿਣ ਦੀ ਅਨੁਮਤੀ ਵਜੋਂ ਜਾਣਿਆ ਜਾਂਦਾ ਹੈ। ਆਇਰਲੈਂਡ ਵਿੱਚ ਅੰਤਰ-ਰਾਸ਼ਟਰੀ ਸੁਰੱਖਿਆ ਲਈ ਮੁੱਖ ਕਨੂੰਨ **ਅੰਤਰ-ਰਾਸ਼ਟਰੀ ਸੁਰੱਖਿਆ ਅਧਿਨਿਯਮ 2015** ਹੈ।

# ਸ਼ਰਨਾਰਥੀ ਕੌਣ ਹੁੰਦਾ ਹੈ?

**ਸ਼ਰਨਾਰਥੀ ਉਹ ਕੋਈ ਵੀ ਵਿਅਕਤੀ ਹੈ ਜੋ ਆਪਣੇ ਦੇਸ਼ ਵਾਪਸ ਨਹੀਂ ਜਾ ਸਕਦਾ ਜਾਂ ਸਕਦੀ ਕਿਉਂਕਿ ਉਹ ਇੱਕ ਜਾਂ ਵਧ ਨਿਮਨਲਿਖਤ ਕਾਰਨਾਂ ਤੋਂ ਜ਼ੁਲਮ ਦਾ ਸ਼ਿਕਾਰ ਹੋਣ ਤੋਂ ਡਰਦੇ ਹਨ, ਉਨ੍ਹਾਂ ਦੀ:**

- **ਰਾਜਨੀਤਕ ਰਾਏ**
- **ਧਰਮ**
- **ਜਾਤ**
- **ਰਾਸ਼ਟਰੀਅਤਾ**
- **'ਵਿਸ਼ੇਸ਼ ਸਮਾਜਕ ਗਰੁੱਪ' ਦੀ ਮੈਂਬਰਸ਼ਿਪ,** ਦੂਜੇ ਸ਼ਬਦਾਂ ਵਿੱਚ ਅਜਿਹੇ ਵਿਅਕਤੀਆਂ ਦਾ ਗਰੁੱਪ ਜਿਨ੍ਹਾਂ ਵਿੱਚ ਅਜਿਹੀ ਕੋਈ ਗੱਲ ਆਮ ਹੈ ਜਿਸਨੂੰ ਉਹ ਬਦਲ ਨਹੀਂ ਸਕਦੇ। ਇਸ ਸਾਂਝੀ ਵਿਸ਼ੇਸ਼ਤਾ ਦੇ ਕਾਰਨ, ਉਨ੍ਹਾਂ ਨੂੰ ਆਪਣੇ ਸਮਾਜ ਵਿੱਚ ਇੱਕ ਵਿਸ਼ੇਸ਼ ਗਰੁੱਪ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਜਿਸਦੇ ਨਤੀਜੇ ਵਜੋਂ ਉਹਨਾਂ ਨੂੰ ਕੋਈ ਜੋਖਮ ਹੋ ਸਕਦਾ ਹੈ। ਖਾਸ ਸਮਾਜਕ ਗਰੁੱਪਾਂ ਨੂੰ ਜਨਮ ਦੇ ਸਕਣ ਵਾਲੀਆਂ ਵਿਸ਼ੇਸ਼ਤਾਵਾਂ ਦੀਆਂ ਉਦਾਹਰਣਾਂ ਵਿੱਚ ਲਿੰਗ, ਜਿਨਸੀ ਰੁਝਾਨ ਅਤੇ/ਜਾਂ ਕੀ ਕੋਈ ਵਿਅਕਤੀ ਪਹਿਲਾਂ ਕਿਸੇ ਨਿਸ਼ਚਿਤ ਗਰੁੱਪ ਦਾ ਹਿੱਸਾ ਸੀ, ਜਿਵੇਂ ਕਿ ਸਾਬਕਾ ਸਿਪਾਹੀ, ਸ਼ਾਮਲ ਹਨ।

ਇਸਦੇ ਕਾਰਨ ਤੁਹਾਡੇ ਪਰਿਵਾਰਕ ਮੈਂਬਰ ਦੀ ਰਾਜਨੀਤਕ ਰਾਏ, ਧਰਮ, ਜਾਤ, ਰਾਸ਼ਟਰੀਅਤਾ ਜਾਂ ਖਾਸ ਸਮਾਜਕ ਗਰੁੱਪ ਦੀ ਮੈਂਬਰਸ਼ਿਪ ਦੇ ਆਧਾਰ 'ਤੇ ਵੀ ਹੋ ਸਕਦੇ ਹਨ। ਜ਼ੁਲਮ ਇੱਕ ਕਨੂੰਨੀ ਸ਼ਬਦ ਹੈ ਜਿਸ ਵਿੱਚ ਕਈ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ ਜਿਵੇਂ ਕਿ ਦੁਰਵਿਹਾਰ, ਹਿੰਸਾ ਜਾਂ ਹੋਰ ਕਿਸਮਾਂ ਦਾ ਨੁਕਸਾਨ। ਤੁਹਾਡਾ ਵਕੀਲ ਤੁਹਾਨੂੰ ਜ਼ੁਲਮ ਦਾ ਮਤਲਬ ਸਮਝਾ ਸਕਦਾ ਹੈ।



# ਸਬਸਿਡਰੀ ਪ੍ਰੋਟੈਕਸ਼ਨ ਦਾ ਕੀ ਮਤਲਬ ਹੈ?

ਜਿਨ੍ਹਾਂ ਲੋਕਾਂ ਨੂੰ ਸ਼ਰਨਾਰਥੀ ਦਰਜਾ ਨਹੀਂ ਦਿੱਤਾ ਜਾਂਦਾ, ਉਨ੍ਹਾਂ ਨੂੰ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਜਾ ਸਕਦੀ ਹੈ। **ਸਬਸਿਡਰੀ ਪ੍ਰੋਟੈਕਸ਼ਨ ਉਨ੍ਹਾਂ ਲੋਕਾਂ ਨੂੰ ਦਿੱਤੀ ਜਾਂਦੀ ਹੈ ਜਿਹਨਾਂ ਨੂੰ ਗੰਭੀਰ ਨੁਕਸਾਨ ਦਾ ਜੋਖਮ ਹੁੰਦਾ ਹੈ, ਜੇ ਉਹ ਆਪਣੇ ਦੇਸ਼ ਵਾਪਿਸ ਜਾਣ।** ਗੰਭੀਰ ਨੁਕਸਾਨ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

- **ਮੌਤ ਦੀ ਸਜ਼ਾ**
- **ਯਾਤਨਾ**
- **ਵਹਿਸ਼ੀ ਜਾਂ ਘਟੀਆ ਵਿਵਹਾਰ**
- **ਜੰਗ ਦੇ ਮਾਮਲੇ ਵਿੱਚ ਤੁਹਾਡੇ ਜੀਵਨ ਨੂੰ ਗੰਭੀਰ ਖਤਰਾ**

ਇਹ ਸ਼ਬਦ ਉਲਝਵੇਂ ਹਨ ਪਰ **ਤੁਹਾਡਾ ਵਕੀਲ** ਤੁਹਾਡੀ ਇਨ੍ਹਾਂ ਸ਼ਬਦਾਂ ਨੂੰ ਸਮਝਾਉਣ ਅਤੇ ਉਹ ਤੁਹਾਡੀ ਅਰਜ਼ੀ ਵਿੱਚ ਕਿਵੇਂ ਵਰਤੇ ਜਾ ਸਕਦੇ ਹਨ, ਵਿੱਚ ਮਦਦ ਕਰ ਸਕਦਾ ਹੈ।

ਕੁਝ ਮਾਮਲਿਆਂ ਵਿੱਚ, ਤੁਹਾਨੂੰ ਆਪਣੇ ਦੇਸ਼ ਤੋਂ ਨਿਕਲਣ ਤੋਂ ਬਾਅਦ ਵਾਪਰੇ ਕਾਰਣਾਂ ਲਈ ਉੱਥੇ ਜ਼ੁਲਮ ਜਾਂ ਗੰਭੀਰ ਨੁਕਸਾਨ ਦਾ ਡਰ ਹੋ ਸਕਦਾ ਹੈ। ਪਨਾਹ ਦਿੱਤੇ ਜਾਣ ਲਈ ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਆਪਣੇ ਦੇਸ਼ ਵਿੱਚ ਜ਼ੁਲਮ ਜਾਂ ਗੰਭੀਰ ਨੁਕਸਾਨ ਝੱਲਿਆ ਹੋਵੇ। ਹਾਲਾਂਕਿ, ਜੇ ਤੁਸੀਂ ਜਾਂ ਤੁਹਾਡੇ ਕਿਸੇ ਕਰੀਬੀ ਵਿਅਕਤੀ ਨੇ ਬੀਤੇ ਸਮੇਂ ਵਿੱਚ ਜ਼ੁਲਮ ਜਾਂ ਕੋਈ ਗੰਭੀਰ ਹਾਨੀ ਝੱਲੀ ਸੀ, ਤਾਂ ਤੁਹਾਨੂੰ ਆਪਣੇ ਸਮਾਜਕ ਕਾਰਜਕਰਤਾ ਅਤੇ ਵਕੀਲ ਨੂੰ ਦੱਸਣਾ ਚਾਹੀਦਾ ਹੈ ਕਿਉਂਕਿ ਇਸ ਗੱਲ ਦਾ ਪਤਾ ਲਗਾਉਣ ਦੇ ਦੌਰਾਨ ਕਿ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਦੀ ਲੋੜ ਕਿਉਂ ਹੈ, ਇਹ ਬਹੁਤ ਮਹੱਤਵਪੂਰਨ ਹੁੰਦਾ ਹੈ।

# ਰਹਿਣ ਦੀ ਅਨੁਮਤੀ ਦਾ ਕੀ ਮਤਲਬ ਹੈ?

**ਰਹਿਣ ਦੀ ਅਨੁਮਤੀ ਇੱਕ ਇਮੀਗ੍ਰੇਸ਼ਨ ਅਨੁਮਤੀ ਹੁੰਦੀ ਹੈ ਜੋ ਤੁਹਾਨੂੰ ਉਦੋਂ ਆਇਰਲੈਂਡ ਵਿੱਚ ਠਹਿਰਣ ਅਤੇ ਰਹਿਣ ਦੀ ਇਜਾਜ਼ਤ ਦਿੰਦੀ ਹੈ, ਭਾਵੇਂ ਜੇ ਤੁਹਾਨੂੰ ਸ਼ਰਨਾਰਥੀ ਦਰਜੇ ਜਾਂ ਸਬਸਿਡਰੀ ਪ੍ਰੋਟੈਕਸ਼ਨ ਦੀ ਲੋੜ ਨਹੀਂ ਹੈ।** ਅਜਿਹੇ ਕਈ ਕਾਰਨ ਹਨ ਜਿਸ ਲਈ ਤੁਹਾਨੂੰ ਇੱਥੇ ਰਹਿਣ ਦੀ ਅਨੁਮਤੀ ਦਿੱਤੀ ਜਾ ਸਕਦੀ ਹੈ, ਜਿਸ ਵਿੱਚ ਤੁਹਾਡਾ ਪਰਿਵਾਰ ਜਾਂ ਨਿੱਜੀ ਹਲਾਤ ਸ਼ਾਮਲ ਹਨ। ਇੱਥੇ ਰਹਿਣ ਦੀ ਅਨੁਮਤੀ ਦਿੱਤੇ ਜਾਣ ਦੇ ਨਿਰਣੇ ਤਕ ਪਹੁੰਚਦੇ ਸਮੇਂ, ਨਿਆਂ ਅਤੇ ਸਮਾਨਤਾ ਮੰਤਰੀ ਦੇਖਣਗੇ ਕਿ:

- ਤੁਸੀਂ ਕਿੰਨੀ ਦੇਰ ਤੋਂ ਆਇਰਲੈਂਡ ਵਿੱਚ ਹੋ ਅਤੇ ਤੁਹਾਡੇ ਇੱਥੇ ਹੋਣ ਵਾਲੇ ਕੋਈ ਮਹੱਤਵਪੂਰਨ ਸਬੰਧ
- ਮਾਨਵਤਾਵਾਦੀ ਕਾਰਨ, ਜਿਸ ਵਿੱਚ ਗੰਭੀਰ ਡਾਕਟਰੀ ਕਾਰਨ ਸ਼ਾਮਲ ਹਨ
- ਆਇਰਲੈਂਡ ਅਤੇ ਦੂਜੇ ਦੇਸ਼ਾਂ ਵਿੱਚ ਤੁਹਾਡਾ ਵਿਹਾਰ ਕਿਦਾਂ ਦਾ ਰਿਹਾ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ, ਜੇ ਤੁਹਾਨੂੰ ਕਿਸੇ ਅਪਰਾਧ ਲਈ ਦੋਸ਼ੀ ਪਾਇਆ ਗਿਆ ਹੈ
- ਕੋਈ ਹੋਰ ਮਹੱਤਵਪੂਰਨ ਕਾਰਨ।

## ਜੇ ਤੁਹਾਡੇ ਕੋਲ ਅਜਿਹੀ ਕੋਈ ਜਾਣਕਾਰੀ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਇੱਥੇ ਰਹਿਣ ਦੀ ਅਨੁਮਤੀ ਦੀ ਤੁਹਾਡੀ ਅਰਜ਼ੀ ਵਿੱਚ ਮਦਦਗਾਰ ਹੋ ਸਕਦੀ ਹੈ, ਤਾਂ ਆਪਣੇ ਸਮਾਜਕ ਕਾਰਜਕਰਤਾ ਅਤੇ ਵਕੀਲ ਨੂੰ ਦੱਸੋ।

**ਉਦਾਹਰਣ ਦੇ ਤੌਰ 'ਤੇ, ਪਨਾਹ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਨਿੱਜੀ ਹਲਾਤ ਬਦਲ ਸਕਦੇ ਹਨ, ਤੁਹਾਨੂੰ ਪਾਰਟ-ਟਾਈਮ ਨੌਕਰੀ ਮਿਲ ਸਕਦੀ ਹੈ ਜਾਂ ਤੁਸੀਂ ਅੱਗੇ ਦੇ ਪੜ੍ਹਾਈ ਦੇ ਕੋਰਸ ਪੂਰੇ ਕਰ ਸਕਦੇ ਹੋ, ਇਸਲਈ ਯਕੀਨੀ ਬਣਾਓ ਕਿ ਤੁਸੀਂ ਆਪਣੇ ਸਮਾਜਕ ਕਾਰਜਕਰਤਾ ਅਤੇ ਵਕੀਲ ਨੂੰ ਇਨ੍ਹਾਂ ਤਬਦੀਲੀਆਂ ਬਾਰੇ ਦੱਸਦੇ ਹੋ।**

# ਪਨਾਹ ਪ੍ਰਕਿਰਿਆ ਦੇ ਦੌਰਾਨ ਮੇਰੇ ਅਧਿਕਾਰ ਕੀ ਹਨ?

ਤੁਹਾਡੇ ਕੋਲ ਉਹ ਸਾਰੇ ਅਧਿਕਾਰ ਹਨ ਜੋ ਪਨਾਹ ਪ੍ਰਕਿਰਿਆ ਵਿੱਚ ਵਿਅਸਕਾਂ ਦੇ ਹੁੰਦੇ ਹਨ ਪਰ ਤੁਹਾਡੇ ਇਸ ਤੋਂ ਇਲਾਵਾ ਵੀ ਕੁਝ ਅਧਿਕਾਰ ਹੁੰਦੇ ਹਨ, ਜਿਸ ਵਿੱਚ ਨਿਮਨਲਿਖਤ ਸ਼ਾਮਲ ਹਨ:

- **ਤੁਹਾਡੇ ਸਭ ਤੋਂ ਵਧੀਆ ਹਿੱਤਾਂ ਨੂੰ ਧਿਆਨ ਵਿੱਚ ਰੱਖੇ ਜਾਣ ਦਾ ਅਧਿਕਾਰ:** ਇਸਦਾ ਮਤਲਬ ਹੈ ਕਿ ਸਾਰੀਆਂ ਕਾਰਵਾਈਆਂ ਅਤੇ ਨਿਰਣੇ ਜੋ ਤੁਹਾਨੂੰ ਪ੍ਰਭਾਵਿਤ ਕਰਦੇ ਹਨ, ਉਹ ਇਸ ਆਧਾਰ 'ਤੇ ਹੋਣੇ ਚਾਹੀਦੇ ਹਨ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ।

- **ਗੱਲ ਸੁਣੀ ਜਾਣ ਦਾ ਅਧਿਕਾਰ:** ਇਸਦਾ ਮਤਲਬ ਹੈ ਜਦੋਂ ਵਿਅਸਕ ਤੁਹਾਨੂੰ ਪ੍ਰਭਾਵਿਤ ਕਰਨ ਵਾਲੇ ਨਿਰਣੇ ਲੈ ਰਹੇ ਹੁੰਦੇ ਹਨ, ਤਾਂ ਤੁਸੀਂ ਸੁਤੰਤਰਤਾ ਨਾਲ ਬੋਲ ਸਕੋ ਕਿ ਤੁਹਾਡੇ ਖਿਆਲ ਵਿੱਚ ਕੀ ਹੋਣਾ ਚਾਹੀਦਾ ਹੈ ਅਤੇ ਤੁਹਾਡੀ ਰਾਏ 'ਤੇ ਜ਼ਰੂਰ ਗੌਰ ਕੀਤਾ ਜਾਏਗਾ।



# 3.

# ਪਨਾਹ ਲਈ ਅਰਜ਼ੀ ਦੇਣ ਤੋਂ ਪਹਿਲਾਂ

# ਤੁਸੀਂ ਇੱਕ ਇਕੱਲੇ ਬੱਚੇ ਹੋ ਜੇ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ, ਆਪਣੇ ਮਾਪਿਆਂ ਜਾਂ ਕਿਸੇ ਸਰਪ੍ਰਸਤ ਤੋਂ ਬਿਨਾਂ, ਆਪਣੇ ਦੇਸ਼ ਤੋਂ ਬਾਹਰ ਅਤੇ ਆਇਰਲੈਂਡ ਵਿੱਚ ਹੋ।

ਆਇਰਲੈਂਡ ਵਿੱਚ ਇੱਕ ਇਕੱਲਾ ਬੱਚਾ ਹੋਣ ਵਜੋਂ, ਤੁਹਾਨੂੰ **ਤੁਸਲਾ ਵਿੱਚ ਸੈਪਰੇਟਿਡ ਚਿਲਡਰਨ ਸੀਕਿੰਗ ਅਸਾਇਲਮ ਟੀਮ – ਜੋ ਬਾਲ ਅਤੇ ਪਰਿਵਾਰ ਏਜੰਸੀ ਹੈ, ਕੋਲ ਭੇਜਿਆ ਜਾਏਗਾ**। ਤੁਹਾਡੇ ਆਇਰਲੈਂਡ ਵਿੱਚ 18 ਸਾਲ ਤੋਂ ਛੋਟੇ ਹੋਣ ਦੇ ਦੌਰਾਨ ਇਹ ਟੀਮ ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਹੋਏਗੀ।



## “ਜੰਗ ਦੇ ਕਾਰਨ ਮੈਨੂੰ ਆਪਣੇ ਦੇਸ਼ ਤੋਂ ਭੱਜਣਾ ਪਿਆ ਸੀ।

**ਇੱਥੋਂ ਦੇ ਔਖੇ ਸਫਰ ਦੇ ਦੌਰਾਨ ਮੈਂ ਆਪਣੇ ਪਰਿਵਾਰ ਤੋਂ ਵੱਖ ਹੋ ਗਿਆ/ਗਈ। ਜਦੋਂ ਮੈਂ ਆਇਰਲੈਂਡ ਪਹੁੰਚਿਆ/ਪਹੁੰਚੀ ਤਾਂ ਮੈਂ ਬਿਲਕੁਲ ਇਕੱਲਾ/ਲੀ ਸੀ।”**

ਜਦੋਂ ਤੁਹਾਨੂੰ ਤੁਸਲਾ ਕੋਲ ਭੇਜਿਆ ਜਾਂਦਾ ਹੈ, ਤਾਂ ਤੁਹਾਨੂੰ ਇੱਕ **ਸਮਾਜਕ ਕਾਰਜਕਰਤਾ** ਸਪੁਰਦ ਕੀਤਾ ਜਾਏਗਾ ਜੋ ਦੇਖੇਗਾ ਕਿ ਕੀ ਆਇਰਲੈਂਡ ਵਿੱਚ ਇੱਕ ਪਨਾਹ ਦੀ ਅਰਜ਼ੀ ਦੇਣਾ ਤੁਹਾਡੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ।

## "ਮੈਂ ਇੱਕ ਸਮਾਜ-ਸੇਵੀ ਹਾਂ। ਮੈਂ ਨੌਜਵਾਨ ਲੋਕਾਂ ਦੀ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਵਿੱਚ ਮਦਦ ਕਰਦਾ/ਕਰਦੀ ਹਾਂ।

ਇਨ੍ਹਾਂ ਜ਼ਰੂਰਤਾਂ ਵਿੱਚ ਸ਼ਾਮਲ ਹੋ ਸਕਦੇ ਹਨ ਕਿ ਉਹ ਕਿੱਥੇ ਰਹਿਣਗੇ ਅਤੇ ਸਕੂਲ ਜਾਣਗੇ, ਅਤੇ ਜੇ ਮੁਮਕਿਨ ਹੋਏ ਤਾਂ, ਉਹਨਾਂ ਦੇ ਪਰਿਵਾਰ ਨਾਲ ਸੰਪਰਕ ਕਰਨਾ। ਹਰੇਕ ਨੌਜਵਾਨ ਵਿਅਕਤੀ ਦੇ ਨਾਲ ਮਿਲ ਕੇ, ਮੈਂ ਉਸ ਦੀਆਂ ਲੋੜਾਂ ਅਤੇ ਜੋ ਉਨ੍ਹਾਂ ਦੇ ਸਭ ਤੋਂ ਵਧੀਆ ਹਿੱਤ ਵਿੱਚ ਹੈ, ਦੇ ਆਧਾਰ 'ਤੇ ਦੇਖਭਾਲ ਯੋਜਨਾ ਵਿਕਸਿਤ ਕਰਦਾ/ਕਰਦੀ ਹਾਂ। ਉਸ ਦੇਖਭਾਲ ਯੋਜਨਾ ਦੇ ਹਿੱਸੇ ਵਜੋਂ, ਕਈ ਵਾਰ ਅਸੀਂ ਸਹਿਮਤ ਹੁੰਦੇ ਹਾਂ ਕਿ ਨੌਜਵਾਨ ਵਿਅਕਤੀ ਨੂੰ ਪਨਾਹ ਲਈ ਅਰਜ਼ੀ ਦੇਣੀ ਚਾਹੀਦੀ ਹੈ। ਆਮ ਤੌਰ 'ਤੇ ਅਸੀਂ ਉਸ ਨਿਰਣੇ 'ਤੇ ਪਹੁੰਚਣ ਵਿੱਚ ਕਿਸੇ ਵਕੀਲ ਤੋਂ ਸਹਾਇਤਾ ਪ੍ਰਾਪਤ ਕਰਦੇ ਹਾਂ।"



ਜੇ ਤੁਹਾਡਾ ਸਮਾਜਕ ਕਾਰਜਕਰਤਾ ਨਿਰਣਾ ਕਰਦਾ ਹੈ ਕਿ ਤੁਹਾਨੂੰ ਪਨਾਹ ਲਈ ਅਰਜ਼ੀ ਦੇਣੀ ਚਾਹੀਦੀ ਹੈ, ਤਾਂ ਉਹ ਤੁਹਾਡੇ ਨਾਲ ਕੰਮ ਕਰਨ ਲਈ ਕਿਸੇ ਵਕੀਲ ਦੀ ਵਿਵਸਥਾ ਕਰਨ ਵਾਸਤੇ **ਲੀਗਲ ਏਡ ਬੋਰਡ** ਨੂੰ ਸੰਪਰਕ ਕਰੇਗਾ ਜਾਂ ਕਰੇਗੀ। ਇਹ ਵਕੀਲ ਕਨੂੰਨੀ ਸਲਾਹ ਪ੍ਰਦਾਨ ਕਰੇਗਾ ਅਤੇ ਪੂਰੀ ਪ੍ਰਕਿਰਿਆ ਦੇ ਦੌਰਾਨ ਤੁਹਾਡੀ ਮਦਦ ਕਰੇਗਾ।



**ਤੁਹਾਡੇ ਵਕੀਲ ਦੀ ਭੂਮਿਕਾ:** ਤੁਹਾਡਾ ਵਕੀਲ ਤੁਹਾਡੀ ਪਨਾਹ ਦੀ ਅਰਜ਼ੀ ਵਿੱਚ ਤੁਹਾਡੀ ਮਦਦ ਕਰੇਗਾ। ਉਹ ਇਸ ਗੱਲ ਦਾ ਪਤਾ ਲਗਾਉਣ ਵਿੱਚ ਮਦਦ ਕਰੇਗਾ ਜਾਂ ਕਰੇਗੀ ਕਿ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਦੀ ਲੋੜ ਕਿਉਂ ਹੈ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਸਾਰੇ ਡਰ ਬਾਰੇ ਉਸਦੇ ਨਾਲ ਗੱਲ ਕਰੋ। ਜੇ ਤੁਹਾਨੂੰ ਆਪਣੇ ਵਕੀਲ ਨਾਲ ਕੋਈ ਮੁਸ਼ਕਲ ਹੈ ਤਾਂ ਤੁਸੀਂ ਆਪਣੇ ਸਮਾਜਕ ਕਾਰਜਕਰਤਾ ਨਾਲ ਗੱਲ ਕਰ ਸਕਦੇ ਹੋ।

## ਮਹੱਤਵਪੂਰਨ

**ਪਰਿਵਾਰ ਦਾ ਪਤਾ ਲਗਾਉਣਾ:** ਹੋ ਸਕਦਾ ਹੈ ਕਿ ਤੁਹਾਨੂੰ ਪਤਾ ਨਾ ਹੋਏ ਕਿ ਤੁਹਾਡਾ ਪਰਿਵਾਰ ਕਿੱਥੇ ਹੈ, ਪਰ ਤੁਸੀਂ ਆਈਰਿਸ਼ ਰੈੱਡ ਕ੍ਰਾ (ਫੈਮਿਲੀ ਲਿੰਕਸ ਬਹਾਲ ਕਰਨ ਵਾਲਾ ਯੂਨਿਟ) ਨੂੰ ਸੰਪਰਕ ਕਰ ਸਕਦੇ ਹੋ ਜੋ ਤੁਹਾਡਾ ਪਰਿਵਾਰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਪਰਿਵਾਰ ਦਾ ਪਤਾ ਲਗਾਉਣ ਦੀ ਇਹ ਪ੍ਰਕਿਰਿਆ ਪਨਾਹ ਕਾਰਜਵਿਧੀ ਦੇ ਕਿਸੇ ਵੀ ਪੜਾਅ ‘ਤੇ ਜਾਂ ਉਸ ਤੋਂ ਪਹਿਲਾਂ ਹੋ ਸਕਦੀ ਹੈ। ਤੁਸਲਾ ਤੁਹਾਡੇ ਪਰਿਵਾਰ ਦਾ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰੇਗੀ ਜੇ ਇਹ ਤੁਹਾਡੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੈ; ਇਹ ਤੁਹਾਡੀ ਦੇਖਭਾਲ ਯੋਜਨਾ ਦਾ ਹਿੱਸਾ ਬਣਾ ਸਕਦੀ ਹੈ।

ਜੇ ਤੁਹਾਡੀ ਪਨਾਹ ਪ੍ਰਕਿਰਿਆ ਦੇ ਦੌਰਾਨ ਤੁਹਾਡਾ ਕਿਸੇ ਤਰ੍ਹਾਂ ਵੀ ਆਪਣੇ ਪਰਿਵਾਰ ਨਾਲ ਸੰਪਰਕ ਹੁੰਦਾ ਹੈ, ਤਾਂ ਤੁਹਾਨੂੰ ਆਪਣੇ ਸਮਾਜਕ ਕਾਰਜਕਰਤਾ ਨੂੰ ਦੱਸਣਾ ਚਾਹੀਦਾ ਹੈ।

# 4.


# ਆਇਰਲੈਂਡ ਵਿੱਚ ਪਨਾਹ ਦੀ ਪ੍ਰਕਿਰਿਆ

# ਪਨਾਹ ਦੀਆਂ ਅਰਜ਼ੀਆਂ ਬਾਰੇ ਨਿਰਣੇ ਕੌਣ ਲੈਂਦਾ ਹੈ?

ਆਇਰਲੈਂਡ ਵਿੱਚ 2 ਦਫ਼ਤਰ ਹਨ ਜੋ ਇਹ ਦੇਖ ਸਕਦੇ ਹਨ ਕਿ ਤੁਹਾਨੂੰ ਪਨਾਹ ਦੀ ਲੋੜ ਹੈ ਜਾਂ ਨਹੀਂ:

- **ਅੰਤਰ-ਰਾਸ਼ਟਰੀ ਸੁਰੱਖਿਆ ਦਫ਼ਤਰ (IPO):** ਇਹ ਦਫ਼ਤਰ ਤੁਹਾਡੀ ਪਨਾਹ ਦੀ ਅਰਜ਼ੀ ਨੂੰ ਦੇਖੇਗਾ। ਵਧੇਰੀ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ ਜਾਓ: **www.ipo.gov.ie**

- **ਅੰਤਰ-ਰਾਸ਼ਟਰੀ ਸੁਰੱਖਿਆ ਅਪੀਲ ਟ੍ਰਿਬਿਊਨਲ (IPAT):** ਜੇ IPO ਨਿਰਣਾ ਕਰਦਾ ਹੈ ਕਿ ਤੁਹਾਨੂੰ ਪਨਾਹ ਦੀ ਲੋੜ ਨਹੀਂ ਹੈ ਤਾਂ ਤੁਸੀਂ ਉਸ ਨਿਰਣੇ ਦੀ ਅਪੀਲ ਇਸ ਟ੍ਰਿਬਿਊਨਲ ਨੂੰ ਕਰ ਸਕਦੇ ਹੋ। ਵਧੇਰੀ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ ਜਾਓ: **www.protectionappeals.ie**



## ਪਨਾਹ ਪ੍ਰਕਿਰਿਆ ਦਾ ਸੰਖੇਪ ਸਾਰ:

**1. ਪਨਾਹ ਦੀ ਅਰਜ਼ੀ**

ਤੁਹਾਨੂੰ ਸਭ ਤੋਂ ਪਹਿਲਾਂ ਤੁਸਲਾ ਕੋਲ ਭੇਜਿਆ ਜਾਏਗਾ। ਤੁਹਾਡਾ ਸਮਾਜਕ ਕਾਰਜਕਰਤਾ ਪਨਾਹ ਦੀ ਅਰਜ਼ੀ ਦੇਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਜੇ ਉਹ ਸੋਚਦੇ ਹਨ ਕਿ ਇਹ ਤੁਹਾਡੇ ਲਈ ਸਭ ਤੋਂ ਵਧੀਆ ਹੈ। ਤੁਸੀਂ ਇਸ ਸਮੇਂ ਇੱਕ ਵਕੀਲ ਨੂੰ ਵੀ ਬੇਨਤੀ ਕਰ ਸਕਦੇ ਹੋ।

↓

**2. ਛੋਟਾ ਇੰਟਰਵਿਊ**

ਜਦੋਂ ਤੁਸੀਂ ਪਨਾਹ ਮੰਗਣ ਲਈ IPO ਕੋਲ ਜਾਂਦੇ ਹੋ ਤਾਂ ਤੁਹਾਡਾ ਇੱਕ ਛੋਟਾ ਇੰਟਰਵਿਊ ਹੋਏਗਾ।

↓

**3. ਪ੍ਰਸ਼ਨਾਵਲੀ**

IPO ਤੁਹਾਨੂੰ ਇੱਕ ਪ੍ਰਸ਼ਨਾਵਲੀ ਦਏਗਾ। ਇਸ ਪ੍ਰਸ਼ਨਾਵਲੀ ਵਿੱਚ ਤੁਹਾਡੇ ਬਾਰੇ ਜਾਣਕਾਰੀ ਮੰਗੀ ਜਾਂਦੀ ਹੈ। ਤੁਹਾਡਾ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਇਸ ਬਾਰੇ ਤੁਹਾਨੂੰ ਥੋੜ੍ਹੀ ਸਲਾਹ ਦੇਣਗੇ।

↓

**4. ਲੰਮਾ ਇੰਟਰਵਿਊ**

ਇਹ IPO 'ਤੇ ਤੁਹਾਡਾ ਮੁੱਖ ਇੰਟਰਵਿਊ ਹੁੰਦਾ ਹੈ ਜਦੋਂ ਤੁਹਾਨੂੰ ਤੁਹਾਡੀ ਪਨਾਹ ਦੀ ਅਰਜ਼ੀ ਬਾਰੇ ਹੋਰ ਸਵਾਲ ਪੁੱਛੇ ਜਾਣਗੇ। ਇਸ ਇੰਟਰਵਿਊ 'ਤੇ ਤੁਹਾਡਾ ਸਮਾਜਕ ਕਾਰਜਕਰਤਾ ਤੁਹਾਡੇ ਨਾਲ ਹੋਏਗਾ।

**5. ਨਿਰਣਾ**

ਇੰਟਰਵਿਊ ਤੋਂ ਬਾਅਦ, IPO ਨਿਰਣਾ ਕਰੇਗਾ ਕਿ ਤੁਹਾਨੂੰ ਪਨਾਹ ਦੀ ਲੋੜ ਹੈ ਜਾਂ ਨਹੀਂ। ਜੇ IPO ਨਿਰਣਾ ਕਰਦਾ ਹੈ ਕਿ ਤੁਹਾਨੂੰ ਪਨਾਹ ਦੀ ਲੋੜ ਹੈ, ਤਾਂ ਤੁਹਾਨੂੰ ਆਇਰਲੈਂਡ ਵਿੱਚ ਠਹਿਰਣ ਦੀ ਅਨੁਮਤੀ ਦਿੱਤੀ ਜਾਏਗੀ ਅਤੇ ਤੁਹਾਡੇ ਕੋਲ ਕੁਝ ਨਿਸ਼ਚਿਤ ਅਧਿਕਾਰ ਅਤੇ ਹੱਕਦਾਰੀਆਂ ਹੋਣਗੀਆਂ। ਇਨ੍ਹਾਂ ਅਧਿਕਾਰਾਂ ਅਤੇ ਹੱਕਦਾਰੀਆਂ ਬਾਰੇ ਵਧੇਰੀ ਜਾਣਕਾਰੀ ਲਈ ਇਸ ਪੁਸਤਿਕਾ ਦਾ ਪੰਨਾ 47 ਦੇਖੋ।

**6. ਅਪੀਲ**

ਜੇ IPO ਨਿਰਣਾ ਕਰਦਾ ਹੈ ਕਿ ਤੁਹਾਨੂੰ ਪਨਾਹ ਦੀ ਲੋੜ ਨਹੀਂ ਹੈ, ਤਾਂ ਤੁਹਾਡਾ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ ਕਿ ਤੁਹਾਨੂੰ ਨਿਰਣੇ ਦੀ ਅਪੀਲ IPAT ਨੂੰ ਕਰਨੀ ਚਾਹੀਦੀ ਹੈ ਜਾਂ ਨਹੀਂ।

↓


**7. ਅਪੀਲ ਦੀ ਸੁਣਵਾਈ**

ਜੇ ਕੋਈ ਅਪੀਲ ਕੀਤੀ ਜਾਂਦੀ ਹੈ, ਤਾਂ ਤੁਹਾਡਾ ਸਮਾਜਕ ਕਾਰਜਕਰਤਾ ਅਤੇ ਵਕੀਲ ਤੁਹਾਡੇ ਨਾਲ IPAT ਵਿਖੇ ਅਪੀਲ ਦੀ ਸੁਣਵਾਈ ਲਈ ਜਾਣਗੇ।

↓

**8. IPAT ਦਾ ਨਿਰਣਾ**

ਸੁਣਵਾਈ ਤੋਂ ਬਾਅਦ, IPAT ਨਿਰਣਾ ਕਰੇਗਾ ਕਿ IPO ਨੇ ਸਹੀ ਨਿਰਣਾ ਲਿੱਤਾ ਜਾਂ ਨਹੀਂ। ਜੇ IPAT ਨੂੰ ਪਤਾ ਲਗਦਾ ਹੈ ਕਿ ਤੁਹਾਨੂੰ ਪਨਾਹ ਦੀ ਲੋੜ ਹੈ, ਤਾਂ ਤੁਹਾਨੂੰ ਆਇਰਲੈਂਡ ਵਿੱਚ ਠਹਿਰਣ ਦੀ ਅਨੁਮਤੀ ਦਿੱਤੀ ਜਾਏਗੀ ਅਤੇ ਤੁਹਾਡੇ ਕੋਲ ਕੁਝ ਅਧਿਕਾਰ ਅਤੇ ਹੱਕਦਾਰੀਆਂ ਹੋਣਗੀਆਂ। ਇਨ੍ਹਾਂ ਅਧਿਕਾਰਾਂ ਅਤੇ ਹੱਕਦਾਰੀਆਂ ਬਾਰੇ ਵਧੇਰੀ ਜਾਣਕਾਰੀ ਲਈ ਇਸ ਪੁਸਤਿਕਾ ਦਾ ਪੰਨਾ 47 ਦੇਖੋ। ਜੇ IPAT IPO ਦੇ ਨਾਲ ਸਹਿਮਤ ਹੁੰਦੇ ਹਨ ਅਤੇ ਪਤਾ ਲਗਾਉਂਦੇ ਹਨ ਕਿ ਤੁਹਾਨੂੰ ਪਨਾਹ ਦੀ ਲੋੜ ਨਹੀਂ ਹੈ, ਤਾਂ ਤੁਹਾਡਾ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ ਕਿ ਅੱਗੇ ਕੀ ਕਰਨਾ ਹੈ।



# 5.

# IPO ਪ੍ਰਕਿਰਿਆ

# ਆਓ ਹੁਣ ਇਸ ਪ੍ਰਕਿਰਿਆ ਦੇ ਹਰੇਕ ਕਦਮ ‘ਤੇ ਕਰੀਬੀ ਨਜ਼ਰ ਮਾਰੀਏ:

## ਛੋਟਾ ਇੰਟਰਵਿਊ

ਤੁਹਾਡਾ ਸਮਾਜਕ ਕਾਰਜਕਰਤਾ ਡਬਲਿਨ ਵਿੱਚ ਤੁਹਾਡੇ ਨਾਲ IPO ਦੇ ਦਫ਼ਤਰ ਜਾਏਗਾ, ਜਿੱਥੇ ਤੁਸੀ ਪਨਾਹ ਲਈ ਅਰਜ਼ੀ ਦੇ ਸਕਦੇ ਹੋ। IPO ਅਫਸਰ ਤੁਹਾਡੇ ਅਤੇ ਤੁਹਾਡੇ ਸਮਾਜਕ ਕਾਰਜਕਰਤਾ ਦੇ ਨਾਲ ਇੱਕ ਛੋਟਾ ਇੰਟਰਵਿਊ ਕਰੇਗਾ। **ਇਸ ਇੰਟਰਵਿਊ ਵਿੱਚ, ਤੁਹਾਨੂੰ ਤੁਹਾਡੀ ਪਛਾਣ, ਤੁਹਾਡੇ ਮਾਪਿਆਂ ਦੀ ਪਛਾਣ, ਤੁਹਾਡੇ ਆਪਣੇ ਦੇਸ਼, ਜਿਸ ਰਸਤੇ ਤੋਂ ਤੁਸੀਂ ਆਇਰਲੈਂਡ ਆਏ ਸੀ ਅਤੇ ਤੁਹਾਡੇ ਦੁਆਰਾ ਪਨਾਹ ਲਈ ਅਰਜ਼ੀ ਦੇਣ ਦੇ ਕਾਰਨਾਂ ਬਾਰੇ ਸਵਾਲ ਪੁੱਛੇ ਜਾਣਗੇ।** ਜੇ ਤੁਹਾਡੀ ਉਮਰ 14 ਸਾਲ ਤੋਂ ਵਧ ਹੈ, ਤਾਂ ਤੁਹਾਡੀ ਫੋਟੋ ਅਤੇ ਉਂਗਲਾਂ ਦੇ ਨਿਸ਼ਾਨ ਵੀ ਲਿੱਤੇ ਜਾਣਗੇ ਤਾਂ ਜੋ IPO ਤੁਹਾਡੀ ਪਛਾਣ ਨਿਰਧਾਰਿਤ ਕਰ ਸਕੇ ਅਤੇ ਪਤਾ ਲਗਾ ਸਕੇ ਕਿ ਕੀ ਤੁਸੀਂ ਯੂਰੋਪੀ ਸੰਘ (EU) ਦੇ ਕਿਸੇ ਹੋਰ ਦੇਸ਼ ਵਿੱਚ ਪਨਾਹ ਲਈ ਅਰਜ਼ੀ ਦਿੱਤੀ ਹੈ। ਤੁਹਾਨੂੰ ਇੱਕ IPO ਕਾਰਡ ਅਤੇ ਤੁਹਾਡੀ ਅਰਜ਼ੀ ਲਈ ਹਵਾਲਾ ਨੰਬਰ ਵੀ ਦਿੱਤਾ ਜਾਏਗਾ ਜੋ ਤੁਹਾਨੂੰ ਹਰ ਸਮੇਂ ਆਪਣੇ ਨਾਲ ਰੱਖਣਾ ਚਾਹੀਦਾ ਹੈ।

## ਪ੍ਰਸ਼ਨਾਵਲੀ

IPO ਤੁਹਾਨੂੰ ਇੱਕ ਪ੍ਰਸ਼ਨਾਵਲੀ ਭਰਣ ਅਤੇ ਉਸਨੂੰ IPO ਦਫ਼ਤਰ ‘ਤੇ ਵਾਪਸ ਭੇਜਣ ਲਈ ਕਹੇਗਾ। ਇਹ ਪ੍ਰਸ਼ਨਾਵਲੀ ਤੁਹਾਡੇ ਅਤੇ ਤੁਹਾਡੀ ਪਨਾਹ ਦੀ ਅਰਜ਼ੀ ਬਾਰੇ ਹੋਰ **ਵਿਸਤਾਰਿਤ ਸਵਾਲ ਪੁੱਛੇਗੀ।** ਤੁਹਾਡਾ ਸਮਾਜਕ ਕਾਰਜਕਰਤਾ ਅਤੇ ਵਕੀਲ ਤੁਹਾਨੂੰ ਇਸ ਬਾਰੇ ਥੋੜ੍ਹੀ ਸਲਾਹ ਦੇਣਗੇ ਕਿ ਪ੍ਰਸ਼ਨਾਵਲੀ ਨੂੰ ਕਿਵੇਂ ਭਰਣਾ ਹੈ। ਪੂਰੀ ਕੀਤੀ ਪ੍ਰਸ਼ਨਾਵਲੀ ਦੇ ਨਾਲ IPO ਅਫਸਰ ਨੂੰ ਉਨ੍ਹਾਂ ਕਾਰਨਾਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ ਆਪਣੇ ਦੇਸ਼ ਵਾਪਸ ਜਾਣ ਤੋਂ ਕਿਉਂ ਡਰਦੇ ਹੋ। ਇਹ ਉਨ੍ਹਾਂ ਨੂੰ ਤੁਹਾਡੇ ਲੰਮੇ ਇੰਟਰਵਿਊ ਲਈ ਤਿਆਰੀ ਕਰਨ ਵਿੱਚ ਵੀ ਮਦਦ ਕਰਦਾ ਹੈ।



## ਲੰਮਾ ਇੰਟਰਵਿਊ

IPO ਤੁਹਾਡੇ ਸਮਾਜਕ ਕਾਰਜਕਰਤਾ ਨੂੰ ਲੰਮੇ ਇੰਟਰਵਿਊ ਦੀ ਅਪੌਇੰਟਮੈਂਟ ਤਾਰੀਖ ਦੇ ਨਾਲ ਇੱਕ ਪੱਤਰ ਭੇਜੇਗਾ। ਤੁਹਾਡਾ ਲੰਮਾ ਇੰਟਰਵਿਊ ਇਹ ਜਾਂਚ ਕਰਨ ਲਈ ਮੁੱਖ ਇੰਟਰਵਿਊ ਹੈ ਕਿ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਦੀ ਲੋੜ ਹੈ ਜਾਂ ਨਹੀਂ। ਕਈ ਵਾਰ ਇਸਨੂੰ ਤੁਹਾਡਾ **ਨਿੱਜੀ ਜਾਂ ਮੁੱਖ ਇੰਟਰਵਿਊ** ਕਿਹਾ ਜਾਂਦਾ ਹੈ। ਤੁਹਾਡਾ ਵਕੀਲ ਅਤੇ ਸਮਾਜਕ ਕਾਰਜਕਰਤਾ ਇਸ ਇੰਟਰਵਿਊ ਦੀ ਤਿਆਰੀ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਤੁਹਾਡੀ ਅਰਜ਼ੀ ਨਾਲ ਨਿਪਟਣ ਵਾਲੇ IPO ਅਫਸਰ ਨੇ ਤੁਹਾਡੇ ਸਾਰੇ ਪੇਪਰਾਂ, ਪ੍ਰਸ਼ਨਾਵਲੀ ਸਮੇਤ, ਨੂੰ ਪੜ੍ਹਿਆ ਹੋਏਗਾ। ਉਹ ਇੰਟਰਵਿਊ ਤੋਂ ਪਹਿਲਾਂ ਤੁਹਾਡੇ ਦੇਸ਼ ਬਾਰੇ ਜਾਣਕਾਰੀ ਦੀ ਖੋਜ ਵੀ ਕਰ ਚੁੱਕਾ ਹੋਏਗਾ ਜਾਂ ਹੋਏਗੀ; ਇਸ ਜਾਣਕਾਰੀ ਨੂੰ **ਮੂਲ ਦੇਸ਼ ਦੀ ਜਾਣਕਾਰੀ** ਜਾਂ COI ਕਿਹਾ ਜਾਂਦਾ ਹੈ।

### ਕੀ ਤੁਹਾਨੂੰ ਆਪਣੇ ਇੰਟਰਵਿਊ ਲਈ ਦੁਭਾਸ਼ੀਏ ਦੀ ਲੋੜ ਹੈ ਜਾਂ ਕੀ ਤੁਸੀਂ ਦੁਭਾਸ਼ੀਆ ਰੱਖਣ ਨੂੰ ਪ੍ਰਾਥਮਿਕਤਾ ਦਿੰਦੇ ਹੋ?

ਇੰਟਰਵਿਊ ਦੇ ਦਿਨ ਤੋਂ ਪਹਿਲਾਂ ਆਪਣੇ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਨੂੰ ਇਸ ਬਾਰੇ ਦੱਸਣਾ ਯਾਦ ਰੱਖੋ।

### ਤੁਸੀਂ ਕਿਸ ਦੇ ਨਾਲ ਜ਼ਿਆਦਾ ਸਹਿਜ ਮਹਿਸੂਸ ਕਰੋਗੇ, ਜੇ ਤੁਹਾਡਾ ਇੰਟਰਵਿਊ ਕਿਸੇ ਪੁਰਸ਼ IPO ਅਫਸਰ ਦੁਆਰਾ ਲਿੱਤਾ ਜਾਏ ਜਾਂ ਮਹਿਲਾ ਅਫਸਰ ਦੁਆਰਾ?

ਤੁਸੀਂ ਇੰਟਰਵਿਊ ਲਈ ਇੱਕ ਪੁਰਸ਼ ਜਾਂ ਮਹਿਲਾ ਦੁਭਾਸ਼ੀਆ ਲੈਣ ਦੀ ਇੱਛਾ ਵੀ ਕਰ ਸਕਦੇ ਹੋ। ਇੰਟਰਵਿਊ ਦੇ ਦਿਨ ਤੋਂ ਪਹਿਲਾਂ ਆਪਣੇ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਨੂੰ ਇਸ ਬਾਰੇ ਦੱਸਣਾ ਯਾਦ ਰੱਖੋ। IPO ਫਿਰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੇਗਾ ਕਿ ਤੁਹਾਡੀ ਚੋਣ 'ਤੇ ਨਿਰਭਰ ਕਰਦੇ ਹੋਏ, ਦੁਭਾਸ਼ੀਆ ਅਤੇ ਇੰਟਰਵਿਊ ਲੈਣ ਵਾਲਾ ਵਿਅਕਤੀ ਮਹਿਲਾ ਹੈ ਜਾਂ ਪੁਰਸ਼। ।

"ਮੈਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ ਕਿਉਂਕਿ ਮੈਂ ਇੰਨੀ ਚੰਗੀ ਤਰ੍ਹਾਂ ਅੰਗ੍ਰੇਜ਼ੀ ਨਹੀਂ ਬੋਲਦਾ।

**ਮੇਰੀ ਕਹਾਣੀ ਦੇ ਕੁਝ ਹਿੱਸੇ ਅਜਿਹੇ ਵੀ ਹਨ ਜਿਨ੍ਹਾਂ ਬਾਰੇ ਗੱਲ ਕਰਨ ਵਿੱਚ ਮੈਨੂੰ ਮੁਸ਼ਕਲ ਹੁੰਦੀ ਹੈ, ਮੈਂ ਸੋਚਦਾ ਹਾਂ ਕਿ ਮੈਂ ਇਸਥਰ ਨੂੰ ਪੁੱਛਾਂਗਾ ਕਿ ਕੀ ਮੈਂ ਮਹਿਲਾ ਇੰਟਰਵਿਊਅਰ ਅਤੇ ਦੁਭਾਸ਼ੀਆ ਲੈ ਸਕਦਾ ਹਾਂ। ਇਸਦੇ ਨਾਲ ਮੈਂ ਇੰਟਰਵਿਊ ਵਿੱਚ ਵਧ ਸਹਿਜ ਮਹਿਸੂਸ ਕਰਾਂਗਾ।"**



ਇਸ ਇੰਟਰਵਿਊ ਵਿੱਚ ਅਕਸਰ ਲਗਭਗ 2 ਤੋਂ 3 ਘੰਟੇ ਲੱਗਣਗੇ, ਪਰ ਤੁਹਾਨੂੰ ਇਸ ਸਮੇਂ ਦੌਰਾਨ ਨਿਯਮਿਤ ਬ੍ਰੇਕਾਂ ਲੈਣ ਦੀ ਇਜਾਜ਼ਤ ਦਿੱਤੀ ਜਾਏਗੀ। **ਜੇ ਤੁਹਾਨੂੰ ਬ੍ਰੇਕ ਚਾਹੀਦੀ ਹੈ, ਤਾਂ ਤੁਸੀਂ IPO ਅਫਸਰ ਨੂੰ ਦੱਸ ਸਕਦੇ ਹੋ, ਅਤੇ ਉਹ ਤੁਹਾਨੂੰ ਤੁਹਾਡਾ ਲੋੜੀਂਦਾ ਸਮਾਂ ਦਏਗਾ ਜਾਂ ਦਏਗੀ।** ਇਸ ਇੰਟਰਵਿਊ ਦੌਰਾਨ ਇਮਾਨਦਾਰ ਅਤੇ ਸੱਚੇ ਰਹਿਣਾ, ਅਤੇ ਉੰਨਾ ਵਧ ਤੋਂ ਵਧ ਵੇਰਵਾ ਦੇਣਾ ਜੋ ਤੁਸੀਂ ਯਾਦ ਕਰ ਸਕੋ, ਬਹੁਤ ਜ਼ਰੂਰੀ ਹੈ। IPO ਅਫਸਰ ਤੁਹਾਡੀ ਕਹਾਣੀ ਸੁਣਨਾ ਚਾਹੁੰਦਾ/ਦੀ ਹੈ, ਅਤੇ ਇਸਨੂੰ ਕਹਿਣ ਵਿੱਚ ਤੁਹਾਡੀ ਮਦਦ ਕਰਨ ਲਈ ਸਵਾਲ ਪੁੱਛੇਗਾ/ਗੀ। ਇਹ ਤੁਹਾਡਾ ਮੁੱਖ ਅਵਸਰ ਹੈ ਜਦੋਂ ਤੁਸੀਂ ਉਸਨੂੰ ਉਹ ਸਾਰੇ ਕਾਰਨ ਦੱਸ ਸਕੋ ਕਿ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਕਿਉਂ ਚਾਹੀਦੀ ਹੈ। **IPO ਅਫਸਰ ਨੂੰ ਅਜਿਹੇ ਕਿਸੇ ਵੀ ਮਾੜੇ ਅਨੁਭਵਾਂ ਬਾਰੇ ਦੱਸਣ ਤੋਂ ਡਰੋ ਨਹੀਂ ਜੋ ਤੁਹਾਨੂੰ ਆਪਣੇ ਦੇਸ਼ ਵਿੱਚ ਹੋਏ ਹੋ ਸਕਦੇ ਹਨ।** ਤੁਸੀਂ ਇੰਟਰਵਿਊ ਵਿੱਚ ਜਿਸ ਬਾਰੇ ਵੀ ਗੱਲ ਕਰੋਗੇ **ਉਹ ਤੁਹਾਡੇ ਦੇਸ਼ ਵਿੱਚ ਕਿਸੇ ਨੂੰ ਵੀ** ਦੱਸਿਆ ਨਹੀਂ ਜਾਏਗਾ।


**ਜੇ ਤੁਹਾਨੂੰ IPO ਦੁਆਰਾ ਪੁੱਛੇ ਜਾਂਦੇ ਕਿਸੇ ਵੀ ਸਵਾਲਾਂ ਦੀ ਸਮਝ ਨਹੀਂ ਆਉਂਦੀ ਹੈ, ਤਾਂ ਦੱਸੋ ਅਤੇ ਉਸਨੂੰ ਉਹ ਸਵਾਲ ਦੁਹਰਾਉਣ ਜਾਂ ਦੁਬਾਰਾ ਸਮਝਾਉਣ ਲਈ ਕਹੋ।** IPO ਅਧਿਕਾਰੀ ਇੰਟਰਵਿਊ ਦਾ ਲਿਖਤੀ ਰਿਕਾਰਡ ਰੱਖਿਆ ਲਏਗਾ। ਉਹ ਸਮੇਂ ਸਮੇਂ 'ਤੇ ਇੰਟਰਵਿਊ ਬੰਦ ਕਰਕੇ ਤੁਹਾਨੂੰ ਰਿਕਾਰਡ ਵਾਪਸ ਪੜ੍ਹ ਕੇ ਸੁਣਾਏਗਾ ਜਾ ਸੁਣਾਏਗਾ। ਅਫਸਰ ਤੁਹਾਨੂੰ ਪੁਸ਼ਟੀ ਕਰਨ ਲਈ ਕਹੇਗਾ ਕਿ ਕੀ ਇਹ ਸਹੀ ਹੈ।

## ਮਹੱਤਵਪੂਰਨ


ਜਦੋਂ ਲਿਖਤੀ ਰਿਕਾਰਡ ਤੁਹਾਨੂੰ ਵਾਪਸ ਪੜ੍ਹ ਕੇ ਸੁਣਾਇਆ ਜਾਂਦਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਉਸਨੂੰ ਬਹੁਤ ਧਿਆਨ ਨਾਲ ਸੁਣੋ। ਕੀ ਸਾਰਾ ਕੁਝ ਬਿਲਕੁਲ ਉਸੇ ਤਰ੍ਹਾਂ ਰਿਕਾਰਡ ਕੀਤਾ ਗਿਆ ਹੈ ਜਿਵੇਂ ਤੁਸੀਂ ਬੋਲਿਆ ਸੀ? ਕੀ ਲਿਖਤੀ ਰਿਕਾਰਡ ਉੱਪਰ ਸਾਰੀ ਜਾਣਕਾਰੀ ਸਹੀ ਹੈ? ਕੀ ਕੋਈ ਅਜਿਹੀ ਮਹੱਤਵਪੂਰਨ ਜਾਣਕਾਰੀ ਹੈ ਜਿਹੜੀ ਰਹਿ ਗਈ ਹੈ? IPO ਅਫਸਰ ਨੂੰ ਦੱਸੋ ਕਿ ਇਹ ਸਹੀ ਹੈ ਜਾਂ ਨਹੀਂ। ਉਹ ਲਿਖਤੀ ਰਿਕਾਰਡ ਵਿੱਚ ਕਿਸੇ ਵੀ ਤਰੁਟੀਆਂ ਅਤੇ ਗਲਤੀਆਂ ਨੂੰ ਠੀਕ ਕਰ ਦਏਗਾ ਜਾਂ ਦਏਗੀ। ਤੁਹਾਨੂੰ ਇਸ ਸਮੇਂ ਅਜਿਹੀ ਕੋਈ ਗੱਲ ਯਾਦ ਵੀ ਆ ਸਕਦੀ ਹੈ ਜੋ ਤੁਸੀਂ ਪਹਿਲਾਂ ਕਹਿਣਾ ਭੁੱਲ ਗਏ ਸੀ। IPO ਅਫਸਰ ਨੂੰ ਜਾਣਕਾਰੀ ਦੇਣ ਦਾ ਇਹੋ ਸਮਾਂ ਹੈ ਕਿਉਂਕਿ ਜਦੋਂ ਉਹ ਤੁਹਾਡੀ ਪਨਾਹ ਦੀ ਅਰਜ਼ੀ ਦਾ ਨਿਰਣਾ ਲੈ ਰਿਹਾ ਹੁੰਦਾ ਜਾਂ ਹੁੰਦੀ ਹੈ ਤਾਂ ਇਹ ਵਾਕਈ ਸਹਾਇਕ ਹੋ ਸਕਦੀ ਹੈ। ਇੱਕ ਵਾਰ ਤੁਸੀਂ ਰਿਕਾਰਡ ਸਹੀ ਹੋਣ ਬਾਰੇ ਖੁਸ਼ ਹੋ ਜਾਓ, ਤੁਸੀਂ ਇਸ ਉੱਤੇ ਹਸਤਾਖਰ ਕਰ ਸਕਦੇ ਹੋ। ਤੁਹਾਡੇ ਹਸਤਾਖਰ ਦਾ ਮਤਲਬ ਹੈ ਕਿ ਇਸ ਪੰਨੇ 'ਤੇ ਜੋ ਵੀ ਲਿਖਿਆ ਹੈ ਉਹ ਸਹੀ ਅਤੇ ਸੱਚ ਹੈ।

# IPO ਵਿਖੇ ਇੰਟਰਵਿਊ ਦਾ ਕਮਰਾ ਇਹੋ ਜਿਹਾ ਦਿਖੇਗਾ।

ਤੁਹਾਡੇ ਇੰਟਰਵਿਊ ਦੇ ਦੌਰਾਨ, ਹਰੇਕ ਵਿਅਕਤੀ ਦੀ ਵੱਖ-ਵੱਖ ਭੂਮਿਕਾ ਹੁੰਦੀ ਹੈ ਅਤੇ ਹਰੇਕ ਵਿਅਕਤੀ ਖਾਸ ਸਥਾਨ 'ਤੇ ਬੈਠਦਾ ਹੈ। ਆਓ ਉਨ੍ਹਾਂ ਵੱਖ-ਵੱਖ ਭੂਮਿਕਾਵਾਂ ਦੇ ਇੱਕ ਕਰੀਬੀ ਨਜ਼ਰ ਮਾਰੀਏ ਜੋ ਲੋਕਾਂ ਦੀ ਇੰਟਰਵਿਊ ਦੇ ਕਮਰੇ ਵਿੱਚ ਹੁੰਦੀਆਂ ਹਨ।




ਦੁਭਾਸ਼ੀਆ
IPO ਅਫਸਰ



## IPO ਅਫਸਰ

IPO ਅਫਸਰ ਇੰਟਰਵਿਊ ਦਾ ਇਨਚਾਰਜ ਹੈ। ਉਹ ਤੁਹਾਨੂੰ ਤੁਹਾਡੀ ਪਨਾਹ ਦੀ ਅਰਜ਼ੀ ਬਾਰੇ ਸਵਾਲ ਪੁੱਛੇਗਾ ਜਾਂ ਪੁੱਛੇਗੀ ਅਤੇ ਤੁਹਾਡੇ ਦੁਆਰਾ ਕਹੀ ਜਾਣ ਵਾਲੀ ਹਰ ਗੱਲ ਨੂੰ ਧਿਆਨ ਨਾਲ ਸੁਣੇਗਾ ਜਾਂ ਸੁਣੇਗੀ। ਉਹ ਇਸ ਜਾਣਕਾਰੀ ਨੂੰ ਜਾਂ ਤਾਂ ਕੰਪਿਊਟਰ ਉੱਤੇ ਜਾਂ ਫਿਰ ਲਿਖਤੀ ਰੂਪ ਵਿੱਚ ਰਿਕਾਰਡ ਕਰੇਗਾ ਜਾਂ ਕਰੇਗੀ। ਇਸਨੂੰ **ਇੰਟਰਵਿਊ ਰਿਕਾਰਡ** ਵਜੋਂ ਜਾਣਿਆ ਜਾਂਦਾ ਹੈ।



## ਸਮਾਜਕ ਕਾਰਜਕਰਤਾ

ਤੁਹਾਡਾ ਸਮਾਜਕ ਕਾਰਜਕਰਤਾ ਤੁਹਾਡੇ ਨਾਲ ਇੰਟਰਵਿਊ ‘ਤੇ ਜਾਏਗਾ। ਉਹ ਉੱਥੇ ਤੁਹਾਡੇ ਲਈ ਇੱਕ ਮਦਦ ਦੇ ਤੌਰ ‘ਤੇ ਹੋਏਗਾ ਜਾਂ ਹੋਏਗੀ ਪਰ ਤੁਹਾਡੇ ਤੋਂ ਉਮੀਦ ਕੀਤੀ ਜਾਏਗੀ ਕਿ ਤੁਸੀਂ ਸਵਾਲਾਂ ਦੇ ਜਵਾਬ ਆਪਣੇ ਸ਼ਬਦਾਂ ਵਿੱਚ ਦਿਓ। ਇੰਟਰਵਿਊ ਦੇ ਅੰਤ ‘ਤੇ, IPO ਅਫਸਰ ਮੀਟਿੰਗ ਖਤਮ ਹੋਣ ਤੋਂ ਪਹਿਲਾਂ ਤੁਹਾਡੇ ਸਮਾਜਕ ਕਾਰਜਕਰਤਾ ਨੂੰ ਪੁੱਛ ਸਕਦਾ ਹੈ ਕਿ ਉਹ ਕੁਝ ਹੋਰ ਦੱਸਣਾ ਚਾਹੁੰਦਾ ਜਾਂ ਚਾਹੁੰਦੀ ਹੈ। ਤੁਹਾਡਾ ਵਕੀਲ ਵੀ ਇੰਟਰਵਿਊ ‘ਤੇ ਜਾ ਸਕਦਾ ਹੈ ਜੇ ਉਸਨੂੰ ਇਹ ਜ਼ਰੂਰੀ ਲੱਗਦਾ ਹੈ।





ਦੁਭਾਸ਼ੀਆ

ਤੁਸੀਂ ਇੰਟਰਵਿਊ ਦੇ ਦੌਰਾਨ ਆਪਣੀ ਮਦਦ ਲਈ ਦੁਭਾਸ਼ੀਆ ਵੀ ਕਰ ਸਕਦੇ ਹੋ। ਦੁਭਾਸ਼ੀਆ ਤੁਹਾਡੀ, IPO ਅਫਸਰ ਅਤੇ ਇੰਟਰਵਿਊ ਕਮਰੇ ਵਿੱਚ ਬੈਠੇ ਹੋਰਨਾਂ ਲੋਕਾਂ ਦੀ ਇੱਕ ਦੂਜੇ ਨਾਲ ਗੱਲ ਕਰਨ ਵਿੱਚ ਮਦਦ ਕਰੇਗਾ। ਦੁਭਾਸ਼ੀਏ ਅੰਗ੍ਰੇਜ਼ੀ ਅਤੇ ਤੁਹਾਡੀ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਗੱਲ ਕਰਣਗੇ। ਦੁਭਾਸ਼ੀਆ IPO ਅਫਸਰ ਦੇ ਸਵਾਲਾਂ ਨੂੰ ਤੁਹਾਡੀ ਭਾਸ਼ਾ ਵਿੱਚ, ਅਤੇ ਤੁਹਾਡੇ ਦੁਆਰਾ ਕਹੇ ਜਾਣ ਵਾਲੇ ਸ਼ਬਦਾਂ ਨੂੰ ਅੰਗ੍ਰੇਜ਼ੀ ਵਿੱਚ ਅਨੁਵਾਦ ਕਰੇਗਾ। ਉਹ ਤੁਹਾਡੀ ਗੱਲਬਾਤ ਵਿੱਚ ਮਦਦ ਕਰਨ ਲਈ ਇੱਕ ਮੁੱਖ ਭੂਮਿਕਾ ਨਿਭਾਉਂਦਾ ਜਾਂ ਨਿਭਾਉਂਦੀ ਹੈ ਇਸਲਈ ਸ਼ੁਰੂਆਤ ਵਿੱਚ ਹੀ ਇਹ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ ਕਿ ਕੀ ਤੁਸੀਂ ਇੱਕ ਦੂਜੇ ਨੂੰ ਸਮਝਦੇ ਹੋ।

ਯਾਦ ਰੱਖੋ ਕਿ ਦੁਭਾਸ਼ੀਏ ਨੂੰ ਆਪਣੀ ਰਾਏ ਦੇਣ ਜਾਂ ਤੁਹਾਡੇ ਦੁਆਰਾ ਕਹੇ ਗਏ ਸ਼ਬਦਾਂ ਨੂੰ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਦੁਭਾਸ਼ੀਆ ਸਿਰਫ਼ ਗੱਲਬਾਤ ਕਰਨ ਵਿੱਚ ਮਦਦ ਕਰਨ ਲਈ ਹੀ ਹੁੰਦਾ ਹੈ ਅਤੇ ਉਸਦੀ ਲਿੱਤੇ ਜਾਣ ਵਾਲੇ ਨਿਰਣੇ ਵਿੱਚ ਕੋਈ ਭੂਮਿਕਾ ਨਹੀਂ ਹੈ।

ਦੁਭਾਸ਼ੀਏ ਨੂੰ ਤੁਹਾਡੇ ਬਾਰੇ ਦੂਜੇ ਲੋਕਾਂ ਨੂੰ ਦੱਸਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਉਸ ਲਈ ਇਸ ਇੰਟਰਵਿਊ ਨੂੰ ਗੁਪਤ ਰੱਖਣਾ ਲਾਜ਼ਮੀ ਹੋਏਗਾ, ਇਸਲਈ ਉਨ੍ਹਾਂ ਦੇ ਸਾਮ੍ਹਣੇ ਇਸ ਬਾਰੇ ਦੱਸਣ ਬਾਰੇ ਚਿੰਤਾ ਨਾ ਕਰੋ ਕਿ ਤੁਸੀਂ ਆਪਣੇ ਦੇਸ਼ ਵਿੱਚ ਵਾਪਸ ਜਾਣ ਤੋਂ ਕਿਉਂ ਡਰਦੇ ਹੋ।

## ਮਹੱਤਵਪੂਰਨ

ਜੇ ਤੁਹਾਨੂੰ ਦੁਭਾਸ਼ੀਏ ਦੀ ਚੰਗੀ ਤਰ੍ਹਾਂ ਸਮਝ ਨਹੀਂ ਆਉਂਦੀ, ਤਾਂ ਤੁਹਾਨੂੰ ਤੁਰੰਤ IPO ਅਫਸਰ ਜਾਂ ਆਪਣੇ ਸਮਾਜਕ ਕਾਰਜਕਰਤਾ ਨੂੰ ਦੱਸਣਾ ਚਾਹੀਦਾ ਹੈ। ਇਸਦਾ ਤੁਹਾਡੀ ਪਨਾਹ ਦੀ ਅਰਜ਼ੀ ਉੱਤੇ ਕੋਈ ਨਕਾਰਾਤਮਕ ਪ੍ਰਭਾਵ ਨਹੀਂ ਪਏਗਾ ਅਤੇ ਇਸਦਾ ਮਤਲਬ ਸਿਰਫ਼ ਇਹ ਹੋ ਸਕਦਾ ਹੈ ਕਿ IPO ਇੰਟਰਵਿਊ ਦੀ ਤਾਰੀਖ ਬਦਲ ਕੇ ਕਿਸੇ ਹੋਰ ਦਿਨ ਉਸ ਦੁਭਾਸ਼ੀਏ ਨਾਲ ਰੱਖ ਦਿੱਤੀ ਜਾਏਗੀ ਜਿਸ ਦੀ ਤੁਹਾਨੂੰ ਸਮਝ ਆਉਂਦੀ ਹੈ।

ਤੁਹਾਡੇ ਇੰਟਰਵਿਊ ਤੋਂ ਬਾਅਦ, IPO ਅਫਸਰ ਤੁਹਾਡੀ ਪਨਾਹ ਦੀ ਅਰਜ਼ੀ ਦਾ ਅੱਗੇ ਮੁਆਇਨਾ ਕਰੇਗਾ। ਅਜਿਹਾ ਕਰਨ ਲਈ, ਉਹ ਨਿਮਨਲਿਖਤ ‘ਤੇ ਵਿਚਾਰ ਕਰੇਗਾ ਜਾਂ ਕਰੇਗੀ:

- **ਤੁਹਾਡੇ ਨਾਲ ਜਾਂ ਤੁਹਾਡੇ ਕਰੀਬੀ ਵਿਅਕਤੀਆਂ ਨਾਲ ਅਤੀਤ ਵਿੱਚ ਕੀ ਹੋਇਆ ਸੀ ਇਸ ਬਾਰੇ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਜਾਣਕਾਰੀ**

- **ਤੁਹਾਡੇ ਦੇਸ਼ ਵਿੱਚਲੀ ਆਮ ਸਥਿਤੀ, ਮੂਲ ਦੇਸ਼ ਦੀ ਜਾਣਕਾਰੀ ਸਮੇਤ**

- **ਜੇ ਤੁਸੀਂ ਆਪਣੇ ਦੇਸ਼ ਵਿੱਚ ਵਾਪਸ ਜਾਂਦੇ ਹੋ, ਤੁਹਾਡੀ ਹਾਨੀ ਜਾਂ ਜ਼ੁਲਮ ਦੇ ਜੋਖਮ ‘ਤੇ ਹੋ ਸਕਣ ਦੀ ਸੰਭਾਵਨਾ**

ਕਈ ਵਾਰੀ ਲੋਕਾਂ ਨੂੰ ਦੂਜੇ ਇੰਟਰਵਿਊ ਲਈ IPO ਦਫ਼ਤਰ ਵਾਪਸ ਬੁਲਾਇਆ ਜਾਂਦਾ ਹੈ ਜੇ ਕੁਝ ਜਾਣਕਾਰੀ ਨੂੰ ਸਪਸ਼ਟੀਕਰਨ ਦੀ ਲੋੜ ਹੈ ਜਾਂ ਜੇ IPO ਅਧਿਕਾਰੀ ਦੇ ਅੱਗੇ ਕੋਈ ਹੋਰ ਸਵਾਲ ਹਨ।



**ਤੁਸੀਂ ਇਕੱਲੇ ਨਾਬਾਲਿਗਾਂ/ਵੱਖਰੇ ਕੀਤੇ ਬੱਚਿਆਂ ਜੋ ਅੰਤਰ-ਰਾਸ਼ਟਰੀ ਸੁਰੱਖਿਆ ਲਈ ਬਿਨੈਕਾਰ ਹਨ, ਲਈ ਅੰਤਰਰਾਸ਼ਟਰੀ ਰੱਖਿਆ ਦਫਤਰ ਦੀ ਸੂਚਨਾ ਪੁਸਤਿਕਾ (International Protection Office’s Information Booklet) ਵਿੱਚ ਇਕੱਲੇ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਪਨਾਹ ਪ੍ਰਕਿਰਿਆ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।**

# “IPO ਅਧਿਕਾਰੀ ਦੇ ਨਾਲ ਮੇਰੇ ਲੰਮੇ ਇੰਟਰਵਿਊ ਤੋਂ ਕੁਝ ਹਫ਼ਤੇ ਬਾਅਦ, ਉਨ੍ਹਾਂ ਨੇ ਮੇਰੇ ਨਾਲ ਇੱਕ ਹੋਰ ਇੰਟਰਵਿਊ ਲਈ ਦੁਬਾਰਾ ਸੰਪਰਕ ਕੀਤਾ।

ਮੈਂ ਚਿੰਤਤ ਸੀ ਪਰ ਇਸਥਰ, ਮੇਰੀ ਸਮਾਜਕ ਕਾਰਜਕਰਤਾ, ਨੇ ਮੈਨੂੰ ਭਰੋਸਾ ਦਵਾਇਆ ਕਿ ਦੂਜਾ ਇੰਟਰਵਿਊ ਹੋਣ ਵਿੱਚ ਕੋਈ ਚਿੰਤਾ ਵਾਲੀ ਗੱਲ ਨਹੀਂ ਹੈ। **IPO** ਅਧਿਕਾਰੀ ਬਹੁਤ ਦੋਸਤਾਨਾ ਸੁਭਾਅ ਵਾਲਾ ਸੀ ਅਤੇ ਬਸ ਮੇਰੀ ਅਰਜ਼ੀ ਬਾਰੇ ਕੁਝ ਜਾਣਕਾਰੀ ਨੂੰ ਦੁਬਾਰਾ ਜਾਂਚਣਾ ਚਾਹੁੰਦਾ ਸੀ।”



# 6.

# IPO ਨਿਰਣਾ

# ਤੁਹਾਡੇ ਇੰਟਰਵਿਊ ਤੋਂ ਕੁਝ ਸਮੇਂ ਬਾਅਦ, ਤੁਹਾਡਾ ਸਮਾਜਕ ਕਾਰਜਕਰਤਾ IPO ਤੋਂ ਇੱਕ ਨਿਰਣਾ ਪ੍ਰਾਪਤ ਕਰੇਗਾ।

ਇਹ ਨਿਰਣਾ ਇੱਕ ਸਿਫਾਰਿਸ਼ ਹੈ ਅਤੇ ਜੇ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਦਿੱਤੇ ਜਾਂਦੇ ਹਨ, ਤਾਂ ਤੁਹਾਨੂੰ ਨਿਆਂ ਅਤੇ ਸਮਾਨਤਾ ਮੰਤਰੀ ਵੱਲੋਂ ਇੱਕ ਹੋਰ ਸਰਕਾਰੀ ਪੱਤਰ ਪ੍ਰਾਪਤ ਹੋਏਗਾ ਜਿਸਨੂੰ ਘੋਸ਼ਣਾ-ਪੱਤਰ ਵਜੋਂ ਜਾਣਿਆ ਜਾਂਦਾ ਹੈ। ਕਿਰਪਾ ਕਰਕੇ ਸਬਰ ਰੱਖੋ, ਕਿਉਂਕਿ ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਪਨਾਹ ਦੀ ਅਰਜ਼ੀ 'ਤੇ ਅੰਤਿਮ ਨਿਰਣਾ ਪ੍ਰਾਪਤ ਕਰੋ, ਕਈ ਵਾਰ ਇਸ ਵਿੱਚ ਸਮਾਂ ਲੱਗ ਸਕਦਾ ਹੈ।

ਕਈ ਵੱਖ-ਵੱਖ ਨਿਰਣੇ ਹੁੰਦੇ ਹਨ ਜੋ ਤੁਸੀਂ ਪ੍ਰਾਪਤ ਕਰ ਸਕਦੇ ਹੋ:

- **ਸ਼ਰਨਾਰਥੀ ਦਰਜੇ ਦੀ ਪ੍ਰਵਾਨਗੀ (ਸਕਾਰਾਤਮਕ ਨਿਰਣਾ)।।**
- **ਸਬਸਿਡਰੀ ਪ੍ਰੋਟੈਕਸ਼ਨ ਦੀ ਪ੍ਰਵਾਨਗੀ। ਜੇ ਤੁਹਾਨੂੰ ਸਬਸਿਡਰੀ ਪ੍ਰੋਟੈਕਸ਼ਨ ਪ੍ਰਵਾਨ ਕੀਤੀ ਜਾਂਦੀ ਹੈ ਤਾਂ ਤੁਸੀਂ ਤਾਂ ਵੀ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਨਾ ਦਿੱਤੇ ਜਾਣ ਦੇ ਨਿਰਣੇ ਲਈ ਅਪੀਲ ਕਰ ਸਕਦੇ ਹੋ।**
- **ਜੇ ਤੁਹਾਨੂੰ ਸ਼ਰਨਾਰਥੀ ਦੇ ਦਰਜੇ ਜਾਂ ਸਬਸਿਡਰੀ ਪ੍ਰੋਟੈਕਸ਼ਨ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਨਿਆਂ ਅਤੇ ਸਮਾਨਤਾ ਮੰਤਰੀ ਨਿਰਣਾ ਕਰੇਗਾ ਕਿ ਤੁਹਾਨੂੰ ਠਹਿਰਣ ਲਈ ਅਨੁਮਤੀ ਦਿੱਤੀ ਜਾਏ ਜਾਂ ਨਹੀਂ। ਜੇ ਤੁਹਾਨੂੰ ਠਹਿਰਣ ਦੀ ਅਨੁਮਤੀ ਦਿੱਤੀ ਜਾਂਦੀ ਹੈ, ਤਾਂ ਤੁਸੀਂ ਤਾਂ ਵੀ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਨਾ ਦਿੱਤੇ ਜਾਣ ਦੇ ਨਿਰਣੇ ਲਈ ਅਪੀਲ ਕਰ ਸਕਦੇ ਹੋ।**

ਤੁਹਾਡਾ ਵਕੀਲ ਅਤੇ ਸਮਾਜਕ ਕਾਰਜਕਰਤਾ IPO ਵੱਲੋਂ ਨਿਰਣਾ ਪ੍ਰਾਪਤ ਕਰ ਲੈਣ ਤੋਂ ਬਾਅਦ ਹੀ ਤੁਹਾਡੇ ਵਿਕਲਪਾਂ ਬਾਰੇ ਤੁਹਾਡੇ ਨਾਲ ਗੱਲ ਕਰਨਗੇ।

# 7.

# IPAT


# ਅਪੀਲ

# ਜੇ ਤੁਹਾਨੂੰ IPO ਦੁਆਰਾ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਨਹੀਂ ਦਿੱਤੀ ਜਾਂਦੀ, ਤਾਂ ਤੁਸੀਂ ਇਨ੍ਹਾਂ ਨਿਰਣਿਆਂ ਦੀ ਅਪੀਲ IPAT ਨੂੰ ਕਰ ਸਕਦੇ ਹੋ।

ਜੇ ਤੁਹਾਨੂੰ IPO ਦੁਆਰਾ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਜਾਂਦੀ ਹੈ, ਪਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਪ੍ਰਵਾਨ ਕੀਤਾ ਜਾਣਾ ਚਾਹੀਦਾ ਸੀ, ਤਾਂ ਤੁਸੀਂ ਇਸ ਨਿਰਣੇ ਦੀ ਅਪੀਲ ਵੀ ਕਰ ਸਕਦੇ ਹੋ। ਤੁਹਾਡਾ ਵਕੀਲ ਅਤੇ ਸਮਾਜਕ ਕਾਰਜਕਰਤਾ ਇਨ੍ਹਾਂ ਵਿਕਲਪਾਂ ਬਾਰੇ ਤੁਹਾਡੇ ਨਾਲ ਗੱਲ ਕਰਣਗੇ ਜੇ ਉਹ ਤੁਹਾਡੇ ਮਾਮਲੇ 'ਤੇ ਲਾਗੂ ਹੁੰਦੇ ਹਨ।

IPO ਨਿਰਣੇ ਦੀ ਅਪੀਲ ਕਰਨ ਦਾ ਕੀ ਮਤਲਬ ਹੈ? **ਇਸਦਾ ਮਤਲਬ ਹੈ ਕਿ ਤੁਹਾਨੂੰ ਵਿਸ਼ਵਾਸ ਹੈ ਕਿ IPO ਦਾ ਨਿਰਣਾ ਗ਼ਲਤ ਹੈ ਅਤੇ ਕਿ ਤੁਹਾਨੂੰ ਆਇਰਲੈਂਡ ਵਿੱਚ ਪਨਾਹ ਦੀ ਲੋੜ ਹੈ।** ਇੱਕ ਨਿਰਪੱਖ ਟ੍ਰਿਬਿਊਨਲ, IPAT, ਫਿਰ ਇਹ ਦੇਖਣ ਲਈ ਇਸ ਨਿਰਣੇ ਦੀ ਸਮੀਖਿਆ ਕਰੇਗੀ ਕਿ ਇਹ ਸਹੀ ਸੀ ਜਾਂ ਗ਼ਲਤ।

ਜਦੋਂ ਤੁਹਾਡਾ ਵਕੀਲ IPO ਨਿਰਣੇ ਦੇ ਖਿਲਾਫ਼ ਅਪੀਲ ਸਬਮਿਟ ਕਰਦਾ ਹੈ, ਤਾਂ ਤੁਹਾਨੂੰ **IPAT ਅਪੀਲ ਦੀ ਸੁਣਵਾਈ** ਦੀ ਇੱਕ ਤਾਰੀਖ਼ ਦਿੱਤੀ ਜਾਏਗੀ। ਇੱਥੇ ਹੀ ਤੁਹਾਡੀ, ਤੁਹਾਡੇ ਸਮਾਜਕ ਕਾਰਜਕਰਤਾ, ਤੁਹਾਡੇ ਵਕੀਲ ਅਤੇ IPO ਅਧਿਕਾਰੀ ਦੀ ਮੀਟਿੰਗ IPAT ਵੱਲੋਂ ਇੱਕ ਟ੍ਰਿਬਿਊਨਲ ਮੈਂਬਰ ਨਾਲ ਹੋਏਗੀ। ਤੁਹਾਡਾ ਵਕੀਲ ਸਮਝਾਏਗਾ ਕਿ ਉਸਨੂੰ ਕਿਉਂ ਲੱਗਦਾ ਹੈ ਕਿ IPO ਨੇ ਗ਼ਲਤ ਨਿਰਣਾ ਲਿੱਤਾ ਸੀ। ਟ੍ਰਿਬਿਊਨਲ ਮੈਂਬਰ ਤੁਹਾਨੂੰ ਸੁਣਵਾਈ 'ਤੇ ਕੁਝ ਸਵਾਲ ਪੁੱਛ ਸਕਦਾ ਹੈ।




"ਅਪੀਲ ਦੀ ਸੁਣਵਾਈ ਦੇ ਦੌਰਾਨ, ਟ੍ਰਿਬਿਊਨਲ ਮੈਂਬਰ ਨੇ ਮੈਨੂੰ IPO ਅਧਿਕਾਰੀ ਵਾਲੇ ਹੀ ਸਵਾਲ ਪੁੱਛੇ। ਮੇਰੇ ਸਮਾਜਕ ਕਾਰਜਕਰਤਾ ਅਤੇ ਵਕੀਲ ਨੇ ਮੈਨੂੰ ਸੁਣਵਾਈ ਦੀ ਚੰਗੀ ਤਰ੍ਹਾਂ ਤਿਆਰੀ ਕਰਵਾਈ ਸੀ ਇਸਲਈ ਮੈਨੂੰ ਪਤਾ ਸੀ ਕਿ ਕੀ ਉਮੀਦ ਕੀਤੀ ਜਾਵੇ। ਕਾਰਵਾਈ ਦੇ ਸ਼ੁਰੂ ਹੋਣ 'ਤੇ, ਟ੍ਰਿਬਿਊਨਲ ਮੈਂਬਰ ਨੇ ਪ੍ਰਕਿਰਿਆ ਬਾਰੇ ਇਸ ਤਰੀਕੇ ਨਾਲ ਸਮਝਾਇਆ ਜੋ ਸਮਝਣ ਵਿੱਚ ਆਸਾਨ ਸੀ।"

# IPAT ਵਿਖੇ ਸੁਣਵਾਈ ਦਾ ਕਮਰਾ ਇਸੇ ਤਰ੍ਹਾਂ ਹੀ ਦਿਖੇਗਾ।

ਅਪੀਲ ਦੇ ਦੌਰਾਨ, ਹਰੇਕ ਵਿਅਕਤੀ ਦੀ ਵੱਖ-ਵੱਖ ਭੂਮਿਕਾ ਹੈ ਅਤੇ ਹਰੇਕ ਵਿਅਕਤੀ ਇੱਕ ਖਾਸ ਥਾਂ 'ਤੇ ਬੈਠਦਾ ਹੈ। ਆਓ ਉਨ੍ਹਾਂ ਵੱਖ-ਵੱਖ ਭੂਮਿਕਾਵਾਂ 'ਤੇ ਕਰੀਬੀ ਨਜ਼ਰ ਮਾਰੀਏ ਜੋ ਲੋਕਾਂ ਦੀ ਸੁਣਵਾਈ ਦੇ ਕਮਰੇ ਵਿੱਚ ਹੁੰਦੀਆਂ ਹਨ।




IPAT ਮੈਂਬਰ
IPO ਪੇਸ਼ ਕਰਨ ਵਾਲੀ ਅਧਿਕਾਰੀ








ਟ੍ਰਿਬਿਊਨਲ ਮੈਂਬਰ, ਸੁਣਵਾਈ ਦਾ ਇਨਚਾਰਜ ਹੈ। ਉਹ ਤੁਹਾਨੂੰ ਤੁਹਾਡੀ ਪਨਾਹ ਦੀ ਅਰਜ਼ੀ ਬਾਰੇ ਸਵਾਲ ਪੁੱਛੇਗਾ ਜਾਂ ਪੁੱਛੇਗੀ ਅਤੇ ਤੁਹਾਡੇ ਦੁਆਰਾ ਕਹੀ ਜਾਣ ਵਾਲੀ ਹਰ ਗੱਲ ਨੂੰ ਧਿਆਨ ਨਾਲ ਸੁਣੇਗਾ ਜਾਂ ਸੁਣੇਗੀ। ਉਹ ਸੁਣਵਾਈ ਦੇ ਦੌਰਾਨ ਕੁਝ ਨੋਟਸ ਵੀ ਬਣਾ ਸਕਦਾ ਜਾਂ ਸਕਦੀ ਹੈ।

ਤੁਹਾਡੇ ਕੋਲ ਅਪੀਲ ਦੇ ਦੌਰਾਨ ਤੁਹਾਡੀ ਮਦਦ ਲਈ ਇੱਕ ਦੁਭਾਸ਼ੀਆ ਹੋ ਸਕਦਾ ਹੈ। ਦੁਭਾਸ਼ੀਆ ਤੁਹਾਡੀ, ਟ੍ਰਿਬਿਊਨਲ ਮੈਂਬਰ ਅਤੇ ਸੁਣਵਾਈ ਦੇ ਕਮਰੇ ਵਿੱਚ ਮੌਜੂਦ ਹੋਰਨਾਂ ਲੋਕਾਂ ਦੀ ਇੱਕ ਦੂਜੇ ਨਾਲ ਗੱਲ ਕਰਨ ਵਿੱਚ ਮਦਦ ਕਰੇਗਾ। ਜਿਵੇਂ IPO ਵਿਖੇ ਹੁੰਦਾ ਹੈ ਉਸੇ ਤਰ੍ਹਾਂ, ਦੁਭਾਸ਼ੀਏ ਦੀ ਭੂਮਿਕਾ ਤੁਹਾਡੇ, ਟ੍ਰਿਬਿਊਨਲ ਮੈਂਬਰ ਅਤੇ ਸੁਣਵਾਈ ਵਾਲੇ ਕਮਰੇ ਵਿੱਚ ਮੌਜੂਦ ਹੋਰਨਾਂ ਵਿਅਕਤੀਆਂ ਦੁਆਰਾ ਕਹੀ ਗਈ ਹਰ ਗੱਲ ਦਾ ਅਨੁਵਾਦ ਕਰਨਾ ਹੈ। ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਸੀਂ ਦੁਭਾਸ਼ੀਏ ਨੂੰ ਸਮਝਦੇ ਹੋਵੋ। ਜੇ ਤੁਹਾਨੂੰ ਦੁਭਾਸ਼ੀਏ ਦੀ ਸਮਝ ਨਹੀਂ ਆਉਂਦੀ ਹੈ, ਤਾਂ ਤੁਹਾਨੂੰ ਤੁਰੰਤ ਟ੍ਰਿਬਿਊਨਲ ਮੈਂਬਰ ਅਤੇ/ਜਾਂ ਤੁਹਾਡੇ ਸਮਾਜਕ ਕਾਰਜਕਰਤਾ ਨੂੰ ਦੱਸਣਾ ਚਾਹੀਦਾ ਹੈ। ਯਾਦ ਰੱਖੋ ਇਸਦਾ ਤੁਹਾਡੀ ਪਨਾਹ ਅਰਜ਼ੀ 'ਤੇ ਕੋਈ ਨਕਾਰਾਤਮਕ ਪ੍ਰਭਾਵ **ਨਹੀਂ** ਪਏਗਾ ਅਤੇ ਇਸਦਾ ਮਤਲਬ ਸਿਰਫ ਇਹ ਹੋ ਸਕਦਾ ਹੈ ਕਿ IPAT ਸੁਣਵਾਈ ਦੀ ਤਾਰੀਖ਼ ਬਦਲਕੇ ਕਿਸੇ ਹੋਰ ਦਿਨ ਉਸ ਦੁਭਾਸ਼ੀਏ ਦੇ ਨਾਲ ਰੱਖ ਦਿੱਤੀ ਜਾਏ ਜਿਸਦੀ ਤੁਹਾਨੂੰ ਸਮਝ ਆਉਂਦੀ ਹੈ।



## ਸਮਾਜਕ ਕਾਰਜਕਰਤਾ ਅਤੇ ਵਕੀਲ

ਤੁਹਾਡਾ ਸਮਾਜਕ ਕਾਰਜਕਰਤਾ ਅਤੇ ਵਕੀਲ ਤੁਹਾਡੇ ਨਾਲ ਅਪੀਲ ਦੀ ਸੁਣਵਾਈ 'ਤੇ ਜਾਣਗੇ। ਉਹ ਤੁਹਾਡੇ ਲਈ ਉੱਥੇ ਮਦਦ ਦੇ ਰੂਪ ਵਿੱਚ ਮੌਜੂਦ ਹਨ, ਪਰ ਤੁਹਾਨੂੰ ਸਵਾਲਾਂ ਦੇ ਜਵਾਬ ਆਪਣੇ ਸ਼ਬਦਾਂ ਵਿੱਚ ਦੇਣ ਦੀ ਲੋੜ ਹੋਏਗੀ। ਕਈ ਵਾਰੀ ਟ੍ਰਿਬਿਊਨਲ ਮੈਂਬਰ ਤੁਹਾਡੇ ਵਕੀਲ ਅਤੇ ਤੁਹਾਡੇ ਸਮਾਜਕ ਕਾਰਜਕਰਤਾ ਨੂੰ ਤੁਹਾਡੀ ਪਨਾਹ ਦੀ ਅਰਜ਼ੀ ਨਾਲ ਸਬੰਧਤ ਕੁਝ ਮੁੱਦਿਆਂ ਬਾਰੇ ਤੁਹਾਡੇ ਵਾਸਤੇ ਬੋਲਣ ਲਈ ਕਹੇਗਾ। ਤੁਹਾਡਾ ਵਕੀਲ ਇਸ ਸਬੰਧ ਵਿੱਚ ਕਨੂੰਨੀ ਬਹਿਸ ਕਰੇਗਾ ਕਿ ਤੁਹਾਨੂੰ ਪਨਾਹ ਦੀ ਲੋੜ ਕਿਉਂ ਹੈ।



## IPO ਪੇਸ਼ ਕਰਨ ਵਾਲੀ ਅਧਿਕਾਰੀ

IPO ਵੱਲੋਂ ਇੱਕ ਅਧਿਕਾਰੀ ਵੀ ਸੁਣਵਾਈ 'ਤੇ ਮੌਜੂਦ ਹੋਏਗਾ। IPAT ਸੁਣਵਾਈ 'ਤੇ, ਟ੍ਰਿਬਿਊਨਲ ਮੈਂਬਰ ਇਸ ਅਧਿਕਾਰੀ ਨੂੰ IPO ਨਿਰਣੇ ਬਾਰੇ ਸਵਾਲ ਪੁੱਛ ਸਕਦਾ ਹੈ।

## ਗਵਾਹੀ

ਕਈ ਵਾਰ, IPAT ਸੁਣਵਾਈ ਵਿੱਚ ਗਵਾਹ ਮੌਜੂਦ ਹੋ ਸਕਦੇ ਹਨ। ਕੋਈ ਗਵਾਹ ਤੁਹਾਡੀ ਪਨਾਹ ਦੀ ਅਰਜ਼ੀ ਬਾਰੇ ਸਬੰਧਤ ਜਾਣਕਾਰੀ ਟ੍ਰਿਬਿਊਨਲ ਮੈਂਬਰ ਨੂੰ ਦਿੰਦਾ ਹੈ, ਜਿਵੇਂ ਕਿ, ਕੀ ਉਸਨੇ ਤੁਹਾਡੇ ਅਤੇ/ਜਾਂ ਤੁਹਾਡੇ ਪਰਿਵਾਰ ਨਾਲ ਅਤੀਤ ਵਿੱਚ ਕੁਝ ਹੁੰਦੇ ਦੇਖਿਆ ਸੀ। ਜੇ ਇਹ ਤੁਹਾਡੀ ਪਨਾਹ ਦੀ ਅਰਜ਼ੀ 'ਤੇ ਲਾਗੂ ਹੁੰਦਾ ਹੈ, ਤੁਹਾਡਾ ਵਕੀਲ ਇਸ ਬਾਰੇ ਤੁਹਾਡੇ ਨਾਲ ਗੱਲ ਕਰੇਗਾ ।

ਜੇ ਟ੍ਰਿਬਿਊਨਲ ਮੈਂਬਰ ਨੂੰ ਲੱਗਦਾ ਹੈ ਕਿ IPO ਨੇ ਗ਼ਲਤ ਨਿਰਣਾ ਲਿੱਤਾ ਸੀ, ਤਾਂ ਉਹ ਇੱਕ ਨਵਾਂ ਨਿਰਣਾ ਲੈਣਗੇ। ਫਿਰ ਨਿਆਂ ਅਤੇ ਸਮਾਨਤਾ ਮੰਤਰੀ ਤੁਹਾਨੂੰ ਜਾਂ ਤਾਂ ਸ਼ਰਨਾਰਥੀ ਦੇ ਦਰਜੇ ਲਈ ਘੋਸ਼ਣਾ-ਪੱਤਰ ਜਾਰੀ ਕਰੇਗੀ ਜਾਂ ਸਬਸਿਡਰੀ ਪ੍ਰੋਟੈਕਸ਼ਨ ਲਈ, ਜੋ ਟ੍ਰਿਬਿਊਨਲ ਮੈਂਬਰ ਦੇ ਨਿਰਣੇ ਦੇ ਆਧਾਰ 'ਤੇ ਹੋਏਗਾ।



**IPAT ਵਿੱਚ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਤੋਂ ਸੁਣਵਾਈ ਦੀਆਂ ਅਪੀਲਾਂ ਲਈ ਖਾਸ ਨਿਰਦੇਸ਼ ਹਨ। ਵਧੇਰੀ ਜਾਣਕਾਰੀ ਲਈ, ਅੰਤਰਸਾਸ਼ਟਰੀ ਸੁਰੱਖਿਆ ਅਪੀਲਾਂ ਦੇ ਟ੍ਰਿਬਿਊਨਲ ਦਿਸ਼ਾ-ਨਿਰਦੇਸ਼ ਦੇਖੋ ਨੰ. 2017/5 ਬਾਲ ਬਿਨੈਕਾਰਾਂ ਵੱਲੋ ਅਪੀਲਾਂ।**



# ਜੇ IPAT ਨੂੰ ਕੀਤੀ ਤੁਹਾਡੀ ਅਪੀਲ ਸਫਲ ਨਹੀਂ ਹੁੰਦੀ ਹੈ, ਅਤੇ ਤੁਹਾਨੂੰ ਪਿਛਲੀ ਵਾਰੀ IPO ਦੁਆਰਾ ਸਬਸਿਡਰੀ ਪ੍ਰੋਟੈਕਸ਼ਨ ਜਾਂ ਠਹਿਰਣ ਦੀ ਅਨੁਮਤੀ ਪ੍ਰਦਾਨ ਨਹੀਂ ਕੀਤੀ ਗਈ ਸੀ, ਤਾਂ ਤੁਹਾਡੇ ਕੋਲ ਨਿਆਂ ਅਤੇ ਸਮਾਨਤਾ ਮੰਤਰੀ ਨੂੰ ਨਵੀਂ ਜਾਣਕਾਰੀ ਪ੍ਰਦਾਨ ਕਰਨ ਲਈ **5 ਦਿਨਾਂ** ਦਾ ਸਮਾਂ ਹੋਏਗਾ।

ਇਹ ਜਾਣਕਾਰੀ ਦੱਸੇਗੀ ਕਿ ਤੁਹਾਨੂੰ ਠਹਿਰਣ ਦੀ ਅਨੁਮਤੀ ਕਿਉਂ ਦਿੱਤੀ ਜਾਣੀ ਚਾਹੀਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ, ਤੁਹਾਡਾ ਸਮਾਜਕ ਕਾਰਜਕਰਤਾ ਅਤੇ/ਜਾਂ ਵਕੀਲ ਉਸ ਜਾਣਕਾਰੀ ਨੂੰ ਛੇਤੀ ਤੋਂ ਛੇਤੀ ਪ੍ਰਦਾਨ ਕਰਣ। ਨਿਆਂ ਅਤੇ ਸਮਾਨਤਾ ਮੰਤਰੀ ਫਿਰ ਤੁਹਾਨੂੰ ਠਹਿਰਣ ਦੀ ਅਨੁਮਤੀ ਨਾ ਦਿੱਤੇ ਦੇ ਅਸਲੀ ਨਿਰਣੇ ਦੀ ਸਮੀਖਿਆ ਕਰਣਗੇ। ਜੇ ਤੁਹਾਨੂੰ ਠਹਿਰਣ ਦੀ ਅਨੁਮਤੀ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਤੁਹਾਡਾ ਵਕੀਲ ਅਤੇ ਸਮਾਜਕ ਕਾਰਜਕਰਤਾ ਤੁਹਾਡੇ ਲਈ ਉਪਲਬਧ ਸਾਰੇ ਵਿਕਲਪਾਂ ‘ਤੇ ਚਰਚਾ ਕਰਣਗੇ, ਜਿਸ ਵਿੱਚ ਤੁਹਾਡੇ ਦੇਸ਼ ਵਿੱਚ ਆਪਣੇ ਪਰਿਵਾਰ ਨਾਲ ਦੁਬਾਰਾ ਮਿਲਣਾ ਸ਼ਾਮਲ ਹੈ ਜੇ ਇਹ ਤੁਹਾਡੇ ਸਭ ਤੋਂ ਵਧੀਆ ਹਿੱਤਾਂ ਵਿੱਚ ਹੁੰਦਾ ਹੈ।



# 8.

# ਹੋਰ ਜਾਣਕਾਰੀ

# ਉਮਰ-ਸਬੰਧੀ ਮੁਲਾਂਕਣ ਪ੍ਰਕਿਰਿਆ ਕੀ ਹੁੰਦੀ ਹੈ?

ਕਈ ਵਾਰ ਜੇ IPO ਅਧਿਕਾਰੀ ਜਾਂ ਤੁਸਲਾ ਦੇ ਸਮਾਜਕ ਕਾਰਜਕਰਤਾ ਨੂੰ ਤੁਹਾਡੀ ਉਮਰ ਬਾਰੇ ਕੋਈ ਸ਼ੱਕ ਹੁੰਦਾ ਹੈ ਤਾਂ ਉਹ ਇੱਕ ਉਮਰ-ਸਬੰਧੀ ਮੁਲਾਂਕਣ ਕਰਵਾਉਣ ਦੀ ਵਿਵਸਥਾ ਕਰ ਸਕਦੇ ਹਨ। ਇਸ ਵਿੱਚ IPO ਅਤੇ/ਜਾਂ ਤੁਸਲਾ ਦੇ ਨਾਲ ਇੱਕ ਵੱਖਰਾ ਇੰਟਰਵਿਊ ਸ਼ਾਮਲ ਹੋ ਸਕਦਾ ਹੈ। ਜੇ ਤੁਹਾਡੇ ਕੋਲ ਕੋਈ ਪਛਾਣ ਦਸਤਾਵੇਜ਼, ਜਨਮ ਦਾ ਪ੍ਰਮਾਣ-ਪੱਤਰ ਜਾਂ ਹੋਰ ਕੋਈ ਜਾਣਕਾਰੀ ਹੈ ਜੋ ਤੁਹਾਡੀ ਉਮਰ ਨੂੰ ਦਰਸਾਏ, ਤਾਂ ਇਸਨੂੰ ਆਪਣੇ ਸਮਾਜਕ ਕਾਰਜਕਰਤਾ ਅਤੇ IPO ਅਧਿਕਾਰੀ ਦੇ ਨਾਲ ਸਾਂਝਾ ਕਰੋ। ਜੇ IPO ਨਿਰਣਾ ਕਰਦਾ ਹੈ ਕਿ ਤੁਸੀਂ ਆਪਣੀ ਪਨਾਹ ਦੀ ਅਰਜ਼ੀ ਦੇ ਉਦੇਸ਼ਾਂ ਲਈ 18 ਸਾਲ ਤੋਂ ਉੱਪਰ ਹੋ, ਤਾਂ ਤੁਹਾਡਾ ਮੁਆਇਨਾ ਪਨਾਹ ਕਾਰਵਾਈ ਵਿੱਚ ਇੱਕ ਵਿਅਸਕ ਵਜੋਂ ਕੀਤਾ ਜਾਏਗਾ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਆਪਣੀ ਵਰਤਮਾਨ ਰਿਹਾਇਸ਼ ਨੂੰ ਛੱਡ ਕੇ ਕਿਸੇ ਵੱਖਰੀ ਕਿਸਮ ਦੀ ਰਿਹਾਇਸ਼ ਵਿੱਚ ਜਾਣਾ ਪਏ ਜਿਸਨੂੰ ਡਾਇਰੈਕਟ ਪ੍ਰੋਵਿਜ਼ਨ ਸੈਂਟਰ ਕਹਿੰਦੇ ਹਨ।

# EU ਡਬਲਿਨ ਰੈਗੁਲੇਸ਼ਨ ਕੀ ਹੈ?

ਯੂਰੋਪੀ ਸੰਘ (EU) ਡਬਲਿਨ ਰੈਗੁਲੇਸ਼ਨ EU ਵਿੱਚਲੇ ਦੇਸ਼ਾਂ ਵਿੱਚਕਾਰ ਇੱਕ ਸਮਝੌਤਾ ਹੈ। EU ਦਾ ਕਿਹੜਾ ਦੇਸ਼ ਤੁਹਾਡੀ ਪਨਾਹ ਦੀ ਅਰਜ਼ੀ ਦਾ ਮੁਆਇਨਾ ਕਰੇਗਾ, ਦਾ ਨਿਰਣਾ ਕਰਨ ਵਿੱਚ, ਇਹ ਪਾਲਣ ਕੀਤੇ ਜਾਣ ਵਾਲੇ ਨਿਯਮਾਂ ਨੂੰ ਤੈਅ ਕਰਦਾ ਹੈ। ਇਸਨੂੰ ਡਬਲਿਨ ਰੈਗੂਲੇਸ਼ਨ ਕਿਹਾ ਜਾਂਦਾ ਹੈ ਕਿਉਂਕਿ ਇਕਰਾਰਨਾਮੇ 'ਤੇ ਹਸਤਾਖਰ ਡਬਲਿਨ ਵਿੱਚ ਕੀਤੇ ਗਏ ਸਨ।

ਕੀ ਤੁਹਾਡੀ ਮਾਂ, ਤੁਹਾਡੇ ਪਿਤਾ, ਤੁਹਾਡੀ ਭੈਣ, ਤੁਹਾਡਾ ਭਰਾ, ਤੁਹਾਡੀ ਚਾਚੀ/ਮਾਮੀ ਜਾਂ ਤੁਹਾਡਾ ਚਾਚਾ/ਮਾਮਾ EU ਦੇ ਕਿਸੇ ਹੋਰ ਦੇਸ਼ ਵਿੱਚ ਰਹਿੰਦੇ ਹਨ? ਕੀ ਤੁਸੀਂ ਉਨ੍ਹਾਂ ਦੇ ਕੋਲ ਜਾਣਾ ਚਾਹੁੰਦੇ ਹੋ? ਕਿਰਪਾ ਕਰਕੇ ਆਪਣੇ ਵਕੀਲ ਅਤੇ ਸਮਾਜਕ ਕਾਰਜਕਰਤਾ ਨੂੰ ਦੂਜੇ EU ਦੇਸ਼ਾਂ ਵਿੱਚ ਪਰਿਵਾਰ ਦੇ ਮੈਂਬਰਾਂ ਬਾਰੇ ਛੇਤੀ ਤੋਂ ਛੇਤੀ ਦੱਸੋ। IPO ਫਿਰ ਉਸ ਦੂਜੇ EU ਦੇਸ਼ ਨੂੰ ਤੁਹਾਡੀ ਪਨਾਹ ਦੀ ਅਰਜ਼ੀ ਦਾ ਮੁਆਇਨਾ ਕਰਨ ਲਈ ਕਹਿ ਸਕਦੀ ਹੈ, ਤਾਂ ਜੋ ਤੁਸੀਂ ਉੱਥੇ ਆਪਣੇ ਪਰਿਵਾਰ ਕੋਲ ਜਾ ਸਕੋ ਅਤੇ ਉਨ੍ਹਾਂ ਵਿੱਚ ਸ਼ਾਮਲ ਹੋ ਸਕੋ।

ਜੇ ਡਬਲਿਨ ਰੈਗੂਲੈਸ਼ਨ ਤੁਹਾਡੇ ਮਾਮਲੇ ਵਿੱਚ ਲਾਗੂ ਹੁੰਦਾ ਹੈ, ਤੁਹਾਡਾ ਵਕੀਲ ਤੁਹਾਨੂੰ ਹੋਰ ਜਾਣਕਾਰੀ ਦੇਣ ਦੇ ਯੋਗ ਹੋਏਗਾ।

# ਪ੍ਰਾਥਮਿਕਤਾ ਕੀ ਹੈ?

ਹੋ ਸਕਦਾ ਹੈ ਤੁਸੀਂ ਆਪਣੇ ਸਮਾਜਕ ਕਾਰਜਕਰਤਾ ਜਾਂ ਵਕੀਲ ਨੂੰ ਆਪਣੀ ਅਰਜ਼ੀ ਦੀ ਪ੍ਰਾਥਮਿਕਤਾ ਬਾਰੇ ਗੱਲ ਕਰਦੇ ਸੁਣਿਆ ਹੋਏ। ਇਸਦਾ ਮਤਲਬ ਹੈ ਕਿ, ਜੇ ਤੁਹਾਡੀ ਅਰਜ਼ੀ ਕਿਸੇ ਨਿਸ਼ਚਿਤ ਸ਼੍ਰੇਣੀਆਂ ਵਿੱਚ ਆਉਂਦੀ ਹੈ, ਤਾਂ ਇਸਨੂੰ 'ਪ੍ਰਾਥਮਿਕਤਾ' ਦਿੱਤੀ ਜਾ ਸਕਦੀ ਹੈ ਅਤੇ ਤੁਹਾਡਾ ਇੰਟਰਵਿਊ ਛੇਤੀ ਤੋਂ ਛੇਤੀ ਵਿਵਸਥਿਤ ਕੀਤਾ ਜਾਏਗਾ। ਅਰਜ਼ੀਆਂ ਨੂੰ ਪ੍ਰਾਥਮਿਕਤਾ ਦੇਣ ਦੇ ਕਾਰਨਾਂ ਵਿੱਚ ਸ਼ਾਮਲ ਹਨ: ਜੇ ਤੁਸੀਂ ਇੱਕ ਇਕੱਲੇ ਬੱਚੇ ਹੋ, ਜੇ ਤੁਹਾਨੂੰ ਕੋਈ ਗੰਭੀਰ ਸਿਹਤ-ਸਬੰਧੀ ਸਮੱਸਿਆਵਾਂ ਹਨ, ਜਾਂ ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਦੇਸ਼ ਤੋਂ ਹੋ: ਸੀਰੀਆ, ਏਰੀਟ੍ਰਿਆ, ਇਰਾਕ, ਅਫਗਾਨਿਸਤਾਨ, ਇਰਾਨ, ਲੀਬੀਆ ਜਾਂ ਸੋਮਾਲੀਆ।

# ਕੀ ਮੈਂ ਉਸ ਸਮੇਂ ਕੰਮ ਕਰ ਸਕਦਾ/ਦੀ ਹਾਂ ਜਦੋਂ ਮੇਰੀ ਪਨਾਹ ਦੀ ਅਰਜ਼ੀ ਦੀ ਕਾਰਵਾਈ ਚੱਲ ਰਹੀ ਹੁੰਦੀ ਹੈ?

ਜੇ ਤੁਹਾਨੂੰ ਆਪਣੀ ਪਨਾਹ ਦੀ ਅਰਜ਼ੀ ਸਬਮਿਟ ਕਰਾਉਣ ਦੇ 9 ਮਹੀਨਿਆਂ ਦੇ ਅੰਦਰ IPO ਵੱਲੋਂ ਕੋਈ ਨਿਰਣਾ ਪ੍ਰਾਪਤ ਨਹੀਂ ਹੋਇਆ ਹੈ, ਤਾਂ ਤੁਹਾਨੂੰ ਨੌਜਵਾਨ ਆਈਰਿਸ਼ ਲੋਕਾਂ ਦੀ ਤਰ੍ਹਾਂ ਕੰਮ ਕਰਨ ਦੀ ਅਨੁਮਤੀ ਦਿੱਤੀ ਜਾ ਸਕਦੀ ਹੈ। ਆਇਰਲੈਂਡ ਵਿੱਚ ਨੌਜਵਾਨ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਖਾਸ ਨਿਯਮ ਹਨ, ਉਦਾਹਰਣ ਲਈ, 16 ਸਾਲ ਤੋਂ ਛੋਟੇ ਬੱਚਿਆਂ ਨੂੰ ਨਿਯਮਿਤ ਫੁੱਲ-ਟਾਈਮ ਨੌਕਰੀ ਨਹੀਂ ਦਿੱਤੀ ਜਾ ਸਕਦੀ ਪਰ ਉਹ ਗਰਮੀ ਦੀਆਂ ਛੁੱਟੀਆਂ ਦੇ ਦੌਰਾਨ ਕੁਝ ਕੰਮ ਕਰ ਸਕਦਾ ਹੈ। ਤੁਹਾਡਾ ਸਮਾਜਕ ਕਾਰਜਕਰਤਾ ਤੁਹਾਡੇ ਕੰਮ ਕਰਨ ਦੇ ਅਧਿਕਾਰ ਬਾਰੇ ਹੋਰ ਜਾਣਕਾਰੀ ਪ੍ਰਦਾਨ ਕਰੇਗਾ।



**ਤੁਸੀਂ EU ਡਬਲਿਨ ਰੈਗੂਲੇਸ਼ਨ ਬਾਰੇ ਹੋਰ ਜਾਣਕਾਰੀ** ਵਿੱਚ ਪੜ੍ਹ ਸਕਦੇ ਹੋ ਡਬਲਿਨ ਪ੍ਰਕਿਰਿਆ ਵਿੱਚ ਬੱਚਿਆਂ ਲਈ, ਅੰਤਰ-ਰਾਸ਼ਟਰੀ ਸੁਰੱਖਿਆ ਮੰਗ ਰਹੇ **IPO** ਬੱਚਿਆਂ ਦੀ ਪੁਸਤਿਕਾ **(IPO Children asking for International Protection Booklet for Children in the Dublin Procedure)**।

**ਤੁਸੀਂ IPO ਦੀ ਪ੍ਰਾਥਮਿਕਤਾ ਨੀਤੀ ਬਾਰੇ ਹੋਰ ਜਾਣਕਾਰੀ** ਵਿੱਚ ਪੜ੍ਹ ਸਕਦੇ ਹੋ ਅੰਤਰ-ਰਾਸ਼ਟਰੀ ਸੁਰੱਖਿਆ ਐਕਟ **2015** ਦੇ ਤਹਿਤ ਅੰਤਰ-ਰਾਸ਼ਟਰੀ ਸੁਰੱਖਿਆ ਵਾਸਤੇ ਅਰਜ਼ੀਆਂ ਦੀ ਪ੍ਰਾਥਮਿਕਤਾ **(Prioritisation Of Applications For International Protection)**।



# 9.

# ਤੁਹਾਡੇ ਅਧਿਕਾਰ

# ਜੇ ਸ਼ਰਨਾਰਥੀ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਜਾਵੇ ਤਾਂ ਤੁਹਾਡੇ ਅਧਿਕਾਰ

ਜੇ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਜਾਂਦੀ ਹੈ ਤੁਹਾਡੇ ਕੋਲ ਨਿਮਨਲਿਖਤ ਸਮੇਤ ਨਿਸ਼ਚਿਤ ਅਧਿਕਾਰ ਹੁੰਦੇ ਹਨ:

- **ਘੱਟੋ-ਘੱਟ 3 ਸਾਲਾਂ ਲਈ ਆਇਰਲੈਂਡ ਵਿੱਚ ਰਹਿਣ ਦੀ ਅਨੁਮਤੀ।**
- **ਜੇ ਤੁਸੀਂ ਚਾਹੋ, ਤਾਂ ਤੁਹਾਨੂੰ ਨੌਜਵਾਨ ਆਈਰਿਸ਼ ਲੋਕਾਂ ਦੀ ਤਰ੍ਹਾਂ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਏਗੀ।**
- **ਤੁਸੀਂ ਨੌਜਵਾਨ ਆਈਰਿਸ਼ ਲੋਕਾਂ ਦੀ ਤਰ੍ਹਾਂ ਸਮਾਨ ਪ੍ਰਾਈਮਰੀ ਅਤੇ ਸੈਕੰਡਰੀ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਕਰ ਸਕਦੇ ਹੋ ਅਤੇ ਤਿੰਨ ਸਾਲਾਂ ਦੀ ਰਿਹਾਇਸ਼ ਤੋਂ ਬਾਅਦ ਤੀਜੇ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਲਈ ਮੁਫ਼ਤ ਫੀਸ ਲਈ ਪਾਤਰ ਹੋ ਸਕਦੇ ਹੋ।**
- **ਤੁਸੀਂ ਨੌਜਵਾਨ ਆਈਰਿਸ਼ ਲੋਕਾਂ ਦੀ ਤਰ੍ਹਾਂ ਸਮਾਨ ਸਮਾਜਕ ਹਿੱਤ ਲਾਭ ਅਤੇ ਚਿਕਿਤਸਾ ਦੇਖਭਾਲ ਪ੍ਰਾਪਤ ਕਰ ਸਕਦੇ ਹੋ।**
- **ਤੁਸੀਂ ਆਈਰਿਸ਼ ਲੋਕਾਂ ਦੀ ਤਰ੍ਹਾਂ ਵਿਦੇਸ਼ ਸਫਰ ਕਰ ਸਕਦੇ ਹੋ ਪਰ ਤੁਹਾਨੂੰ ਦੂਜੇ ਦੇਸ਼ ਵਿੱਚ ਜਾਣ ਲਈ ਵੀਜ਼ਾ ਦੀ ਲੋੜ ਹੋ ਸਕਦੀ ਹੈ ਅਤੇ/ਜਾਂ ਯਾਤਰਾ ਦਸਤਾਵੇਜ਼ (ਜਿਵੇਂ ਕਿ ਪਾਸਪੋਰਟ) ਦੀ ਅਰਜ਼ੀ ਦੇਣ ਦੀ ਲੋੜ ਪੈ ਸਕਦੀ ਹੈ। ਜੇ ਤੁਹਾਡਾ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਹੈ, ਤਾਂ ਕਿਸੇ ਯਾਤਰਾ ਦਸਤਾਵੇਜ਼ ਲਈ ਅਰਜ਼ੀ ਦੇਣ ਦੇ ਵੱਖ-ਵੱਖ ਨਿਯਮ ਹੁੰਦੇ ਹਨ ਇਸਲਈ ਆਪਣੇ ਸਮਾਜਕ ਕਾਰਜਕਰਤਾ ਨਾਲ ਗੱਲ ਕਰੋ।**
- **ਤੁਸੀਂ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨੂੰ ਆਇਰਲੈਂਡ ਆਉਣ ਅਤੇ ਤੁਹਾਡੇ ਨਾਲ ਰਹਿਣ ਦੀ ਅਨੁਮਤੀ ਲਈ ਨਿਆਂ ਅਤੇ ਸਮਾਨਤਾ ਮੰਤਰੀ ਨੂੰ ਅਰਜ਼ੀ ਦੇ ਸਕਦੇ ਹੋ; ਇਸਨੂੰ ਪਰਿਵਾਰ ਦਾ ਮੁੜ ਇਕੱਠਾ ਹੋਣਾ ਕਹਿੰਦੇ ਹਨ। ਪਰਿਵਾਰਕ ਇਕੱਠ ਲਈ ਅਰਜ਼ੀ, ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਪ੍ਰਵਾਨ ਕੀਤੇ ਜਾਣ ਦੇ 12 ਮਹੀਨਿਆਂ ਦੇ ਅੰਦਰ ਦਿੱਤੀ ਜਾਣੀ ਲਾਜ਼ਮੀ ਹੋਏਗੀ।**
- **ਜੇ ਤੁਹਾਡਾ ਸ਼ਰਨਾਰਥੀ ਦਾ ਦਰਜਾ ਹੈ ਤਾਂ ਤੁਸੀਂ 3 ਸਾਲ ਬਾਅਦ ਇੱਕ ਆਈਰਿਸ਼ ਨਾਗਰਿਕ ਬਣਨ ਦੀ ਅਰਜ਼ੀ ਦੇ ਸਕਦੇ ਹੋ। ਜੇ ਤੁਹਾਨੂੰ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਗਈ ਹੈ ਤਾਂ ਤੁਸੀਂ 5 ਸਾਲਾਂ ਬਾਅਦ ਇੱਕ ਆਈਰਿਸ਼ ਨਾਗਰਿਕ ਬਣਨ ਦੀ ਅਰਜ਼ੀ ਦੇ ਸਕਦੇ ਹੋ।**

# ਤੁਸੀਂ ਪਰਿਵਾਰਕ ਇਕੱਠ ਅਰਜ਼ੀ ਦੇ ਹਿੱਸੇ ਵਜੋਂ ਪਰਿਵਾਰਕ ਦੇ ਕਿਹੜੇ ਮੈਂਬਰ ਲਈ ਅਰਜ਼ੀ ਦੇ ਸਕਦੇ ਹੋ?

ਜਦੋਂ ਤੁਹਾਨੂੰ ਸ਼ਰਨਾਰਥੀ ਦਾ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਦਿੱਤੀ ਜਾਂਦੀ ਹੈ, ਅਤੇ ਜਿੰਨੀ ਦੇਰ ਤਕ ਤੁਸੀਂ ਇਕੱਲੇ ਰਹਿੰਦੇ ਹੋ ਅਤੇ 18 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਤੁਸੀਂ ਪਰਿਵਾਰ ਦੇ ਨਿਮਨਲਿਖਤ ਮੈਂਬਰਾਂ ਲਈ ਆਇਰਲੈਂਡ ਵਿੱਚ ਤੁਹਾਡੇ ਨਾਲ ਆ ਕੇ ਰਹਿਣ ਦੀ ਅਰਜ਼ੀ ਦੇ ਸਕਦੇ ਹੋ।

- **ਤੁਹਾਡੇ ਮਾਤਾ-ਪਿਤਾ**

- **ਤੁਹਾਡੇ ਭਰਾ ਅਤੇ ਭੈਣਾਂ, ਜੇ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ ਅਤੇ ਵਿਆਹੇ ਨਹੀਂ ਹੋਏ ਹਨ**

ਅੰਤਰ-ਰਾਸ਼ਟਰੀ ਸੁਰੱਖਿਆ ਐਕਸ ਦੇ ਤਹਿਤ, ਨਿਆਂ ਅਤੇ ਸਮਾਨਤਾ ਮੰਤਰੀ ਸਿਰਫ਼ ਸੀਮਿਤ ਹਲਾਤਾਂ ਵਿੱਚ ਹੀ ਅਜਿਹੀਆਂ ਅਰਜ਼ੀਆਂ ਤੋਂ ਇਨਕਾਰ ਕਰ ਸਕਦੀ ਹੈ। ਵਧੇਰੇ ਆਮ ਤੌਰ 'ਤੇ, ਤੁਸੀਂ ਹਾਲੇ ਵੀ ਪਰਿਵਾਰਕ ਇਕੱਠ ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ ਜੇ ਤੁਸੀਂ 18 ਸਾਲ ਦੇ ਹੋ ਗਏ ਹੋ, ਜਾਂ ਤੁਹਾਡੇ ਨਾਲ ਆ ਕੇ ਰਹਿਣ ਵਾਸਤੇ ਹੋਰਨਾਂ ਰਿਸ਼ਤੇਦਾਰਾਂ ਲਈ ਵੀ ਅਰਜ਼ੀ ਦੇ ਸਕਦੇ ਹੋ ਪਰ ਅਜਿਹਾ ਤੁਹਾਡੀਆਂ ਸਥਿਤੀਆਂ ਉੱਤੇ ਨਿਰਭਰ ਕਰੇਗਾ। ਤੁਹਾਡਾ ਸਮਾਜਕ ਕਾਰਜਕਰਤਾ ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ ਅਤੇ ਤੁਹਾਡੇ ਪਰਿਵਾਰਕ ਇਕੱਠ ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮਦਦ ਕਰੇਗਾ।

## ਮਹੱਤਵਪੂਰਨ

ਤੁਹਾਡੇ ਲਈ ਅੰਤਰ-ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ, ਸ਼ਰਨਾਰਥੀ ਦਰਜਾ ਜਾਂ ਸਬਸਿਡਰੀ ਪ੍ਰੋਟੈਕਸ਼ਨ ਪ੍ਰਵਾਨ ਕੀਤੇ **ਜਾਣ ਦੇ 12 ਮਹੀਨਿਆਂ** ਦੇ ਅੰਦਰ ਪਰਿਵਾਰਕ ਇਕੱਠ ਲਈ ਅਰਜ਼ੀ ਦੇਣੀ ਲਾਜ਼ਮੀ ਹੈ। ਪਰਿਵਾਰਕ ਇਕੱਠ ਦੀ ਅਰਜ਼ੀ ਦੇਣ ਦੀ ਤਿਆਰੀ ਕਰਨ ਲਈ ਆਪਣੇ ਸਮਾਜਕ ਕਾਰਜਕਰਤਾ ਤੋਂ ਮਦਦ ਲੈਣਾ ਯਾਦ ਰੱਖੋ।

# ਠਹਿਰਣ ਦੀ ਅਨੁਮਤੀ ਦਿੱਤੇ ਜਾਣ ‘ਤੇ ਤੁਹਾਡੇ ਅਧਿਕਾਰ

ਠਹਿਰਣ ਦੀ ਅਨੁਮਤੀ ਦਾ ਮਤਲਬ ਹੈ ਕਿ ਤੁਸੀਂ ਨਿਸ਼ਚਿਤ ਸਥਿਤੀਆਂ ਵਿੱਚ ਕਿਸੇ ਸਮਾਂ-ਅਵਧੀ ਲਈ ਆਇਰਲੈਂਡ ਵਿੱਚ ਠਹਿਰ ਸਕਦੇ ਹੋ। ਇਸ ਅਨੁਮਤੀ ਦੀ ਉਸ ਅਵਧੀ ਦੇ ਅੰਤ ‘ਤੇ ਵਧਾਏ ਜਾਣ ਦੀ ਸੰਭਾਵਨਾ ਹੈ ਜੇ ਨਿਆਂ ਅਤੇ ਸਮਾਨਤਾ ਮੰਤਰੀ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਸ਼ਰਤਾਂ ਤੋੜੀਆਂ ਨਹੀਂ ਗਈਆਂ ਹਨ। ਤੁਸੀਂ ਆਇਰਲੈਂਡ ਦਾ ਨਾਗਰਿਕ ਬਣਨ ਦੀ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਆਇਰਲੈਂਡ ਵਿੱਚ 5 ਸਾਲ ਰਹਿ ਚੁੱਕੇ ਹੋ।



“ਮੈਂ ਬਹੁਤ ਖੁਸ਼ ਸੀ ਜਦੋਂ ਮੈਨੂੰ ਸ਼ਰਨਾਰਥੀ ਦਾ ਦਰਜਾ ਪ੍ਰਾਪਤ ਹੋਇਆ ਸੀ। ਹੁਣ ਮੈਂ ਆਇਰਲੈਂਡ ਵਿੱਚ ਆਪਣੇ ਭਵਿੱਖ ਦੀ ਯੋਜਨਾ ਬਣਾ ਸਕਦਾ/ਦੀ ਹਾਂ।”

ਤੁਸੀਂ ਕਿਸੇ ਵੀ ਨਾਗਰਿਕ ਸੂਚਨਾ ਦਫ਼ਤਰ (Citizens Information Office) ਵਿਖੇ ਜਾ ਕੇ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# 10.

# ਅਜਿਹੇ ਸੰਗਠਨਾਂ ਦਾ ਵੇਰਵਾ ਜਿਨ੍ਹਾਂ ਨੂੰ ਤੁਸੀਂ ਮਦਦ ਲਈ ਸੰਪਰਕ ਕਰ ਸਕਦੇ ਹੋ

## ਟੀਮ ਫਾਰ ਸੈਪਰੇਟਿਡ ਚਿਲਡਰਨ ਸੀਕਿੰਗ ਅਸਾਇਲਮ, ਤੁਸਲਾ – ਚਾਇਲਡ ਐਂਡ ਫੈਮਿਲੀ ਏਜੰਸੀ (Team for Separated Children Seeking Asylum, Tusla - Child and Family Agency)

ਨੂੰ Sir Patrick Dun's Hospital, Lower Grand Canal Street, Dublin 2 D02 P667 'ਤੇ ਜਾਂ 01 647 7000 'ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ। ਵਧੇਰੀ ਜਾਣਕਾਰੀ ਲਈ, ਇੱਥੇ ਜਾਓ: **www.tusla.ie/services/alternative-care/separated-children/**

## ਲੀਗਲ ਏਡ ਬੋਰਡ (Legal Aid Board (LAB), ਸੈਪਰੇਟਿਡ ਚਿਲਡਰਨਸ ਯੂਨਿਟ (ਰਿਫਿਉਜ਼ੀ ਲੀਗਲ ਸਰਵਿਸ) (Separated Children's Unit (Refugee Legal Service)

ਪਨਾਹ ਮੰਗਣ ਵਾਲੇ ਲੋਕਾਂ ਨੂੰ ਕਨੂੰਨੀ ਸਲਾਹ ਦਿੰਦੀ ਹੈ, ਜਿਸ ਵਿੱਚ ਪਨਾਹ ਪ੍ਰਕਿਰਿਆ ਵਿਚਲੇ ਨੌਜਵਾਨ ਲੋਕ ਵੀ ਸ਼ਾਮਲ ਹਨ। ਇਨ੍ਹਾਂ ਦਾ ਮੁੱਖ ਦਫ਼ਤਰ 48-49 North Brunswick Street, Georges Lane, Smithfield, Dublin 7, D07 PE0C ਵਿਖੇ ਸਥਿਤ ਹੈ। ਤੁਸੀਂ ਉਨ੍ਹਾਂ ਨੂੰ ਸੰਪਰਕ ਕਰਨ ਲਈ **1800 23 83 43** 'ਤੇ ਕਾਲ ਕਰ ਸਕਦੇ ਹੋ ਜਾਂ ਇੱਥੇ ਈਮੇਲ ਕਰ ਸਕਦੇ ਹੋ **smithfieldlawcentre@legalaidboard.ie**। ਤੁਸੀਂ LAB ਬਾਰੇ ਅਤੇ ਮਦਦ ਲਈ ਕਿਵੇਂ ਅਰਜ਼ੀ ਦੇਣੀ ਹੈ, ਬਾਰੇ ਹੋਰ ਜਾਣਨ ਲਈ ਇਸ ਨੂੰ ਪੜ੍ਹ ਸਕਦੇ ਹੋ: **www.legalaidboard.ie**

## ਓਮਬਡਸਮੈਨ ਫੋਰ ਚਿਲਡ੍ਰਨ (Ombudsman for Children)

ਇੱਕ ਦਫ਼ਤਰ ਹੈ ਜੋ ਬੱਚਿਆਂ ਅਤੇ ਨੌਜਵਾਨ ਲੋਕਾਂ ਦੁਆਰਾ ਜਨਤਕ ਸੰਗਠਨਾਂ ਦੀਆਂ ਕਿਰਿਆਵਾਂ ਦੇ ਸਬੰਧ ਵਿੱਚ ਕੀਤੀਆਂ ਗਈਆਂ ਸ਼ਿਕਾਇਤਾਂ ਨੂੰ ਦੇਖਦਾ ਹੈ। ਉਹ Millennium House, 52-56 Great Strand Street, Dublin 1 ਵਿਖੇ ਸਥਿਤ ਹਨ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **1800 202040** ਜਾਂ **01 865 6800** ਜਾਂ ਇੱਥੇ ਈਮੇਲ ਕਰ ਸਕਦੇ ਹੋ: **oco@oco.ie**। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.oco.ie**

## ਆਈਰਿਸ਼ ਰੈਡ ਕ੍ਰਾਸ ਰੀਸਟੋਰਿੰਗ ਫੇਮਿਲੀ ਲਿੰਕਸ ਸਰਵਿਸ (Irish Red Cross Restoring Family Links Service)

ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀ ਹੈ ਜੇ ਆਇਰਲੈਂਡ ਤੋਂ ਬਾਹਰ ਤੁਹਾਡਾ ਕੋਈ ਪਰਿਵਾਰਕ ਮੈਂਬਰ ਲਾਪਤਾ ਹੈ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **01 642 4600** ਜਾਂ ਇੱਥੇ ਈਮੇਲ ਕਰੋ: **restoringfamilylinks@redcross.ie.** ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.redcross.ie/programmes-and-services-in-ireland/find-missing-family/**

## ਚਿਲਡ੍ਰਨਸ ਰਾਈਟਸ ਅਲਾਇੰਸ (Children's Rights Alliance)

ਕੋਲ ਬੱਚਿਆਂ, ਨੌਜਵਾਨ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਜਾਂ ਅਜਿਹੇ ਲੋਕਾਂ ਲਈ ਇੱਕ ਹੈਲਪਲਾਈਨ ਉਪਲਬਧ ਹੈ ਜੋ ਕਨੂੰਨੀ ਜਾਣਕਾਰੀ ਪ੍ਰਾਪਤ ਕਰਨ ਲਈ ਉਨ੍ਹਾਂ ਦੇ ਨਾਲ ਕੰਮ ਕਰਦੇ ਹਨ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **01 9020494** ਜਾਂ ਇੱਥੇ ਈਮੇਲ ਕਰੋ: **query@childrensrights.ie**। ਉਨ੍ਹਾਂ ਦੇ ਕਨੂੰਨੀ ਸਲਾਹ ਦੇ ਕਲੀਨਿਕਾਂ ਲਈ ਇੱਕ ਅਪੌਇੰਟਮੈਂਟ ਤੈਅ ਕਰਨਾ ਵੀ ਮੁਮਕਿਨ ਹੈ। ਵਧੇਰੀ ਜਾਣਕਾਰੀ ਲਈ ਇੱਥੇ ਜਾਓ:
**www.childrensrights.ie/content/childrens-access-justice**

## ਆਈਰਿਸ਼ ਸੋਸਾਇਟੀ ਫੋਰ ਪ੍ਰੀਵੇਂਸ਼ਨ ਔਫ ਕ੍ਰਿਉਏਲਟੀ ਟੂ ਚਿਲਡ੍ਰਨ (Irish Society for the Prevention of Cruelty to Children (ISPCC)

ਇੱਕ ਰਾਸ਼ਟਰੀ ਬਾਲ ਸੁਰੱਖਿਆ ਚੈਰਿਟੀ ਹੈ। ਇਨ੍ਹਾਂ ਦਾ ਮੁੱਖ ਦਫ਼ਤਰ 29 Lower Baggot Street, Dublin 2 ਵਿਖੇ ਸਥਿਤ ਹੈ। ਉਹ ਬੱਚਿਆਂ ਲਈ 24 ਘੰਟੇ ਦੀ ChildLine ਨਾਮਕ ਨੈਸ਼ਨਲ ਲਿਸਨਿੰਗ ਸਰਵਿਸ ਨੂੰ ਚਲਾਉਂਦੇ ਹਨ। ਇਹ ਨਿੱਜੀ, ਗੁਪਤ ਅਤੇ ਗੈਰ-ਨਿਰਣਾਕਾਰੀ ਹੈ। ਇਨ੍ਹਾਂ ਨੂੰ **1800 66 66 66** 'ਤੇ ਆਇਰਲੈਂਡ ਤੋਂ ਕਿਤੇ ਵੀ ਮੁਫ਼ਤ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ। ਤੁਸੀਂ: **www.ispcc.ie 'ਤੇ ਉਨ੍ਹਾਂ ਦੀ ਵੈਬਸਾਈਟ 'ਤੇ ਵੀ ਜਾ ਸਕਦੇ ਹੋ**

## ਬਾਰਨਰਡੋਸ (Barnardos)

ਇੱਕ ਬੱਚਿਆਂ ਦੀ ਚੈਰਿਟੀ ਹੈ ਜੋ ਬੱਚਿਆਂ ਅਤੇ ਪਰਿਵਾਰਾਂ ਦੇ ਅਧਿਕਾਰਾਂ ਲਈ ਅਭਿਆਨ ਚਲਾਉਂਦੀ ਹੈ। ਇਨ੍ਹਾਂ ਦਾ ਮੁੱਖ ਦਫ਼ਤਰ Christchurch Square, Dublin 8 ਵਿਖੇ ਸਥਿਤ ਹੈ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **1850 222 300** ਜਾਂ **01 453 0355** ਜਾਂ ਇੱਥੇ ਈਮੇਲ ਕਰੋ: **info@barnardos.ie**। ਤੁਸੀਂ ਉਨ੍ਹਾਂ ਦੀ ਵੈਬਸਾਈਟ 'ਤੇ ਵੀ ਜਾ ਸਕਦੇ ਹੋ:
**www.barnardos.ie**

## ਏਮਪਾਵਰਿੰਗ ਪੀਪਲ ਇਨ ਕੇਅਰ (Empowering People in Care (EPIC)

ਦੇਖਭਾਲ ਵਿੱਚਲੇ ਨੌਜਵਾਨ ਲੋਕਾਂ ਦੇ ਅਧਿਕਾਰਾਂ ਦਾ ਸਮਰਥਨ ਕਰਦੀ ਹੈ ਅਤੇ ਦੇਖਭਾਲ ਛੱਡਣ ਦੀ ਤਿਆਰੀ ਕਰ ਰਹੇ ਅਤੇ ਆਫਟਰਕੇਅਰ ਵਿੱਚ ਹੋਣ ਵਾਲੇ ਨੌਜਵਾਨ ਲੋਕਾਂ ਦੇ ਨਾਲ ਵੀ ਕੰਮ ਕਰਦੀ ਹੈ। ਤੁਸੀਂ EPIC Dublin ਦੇ ਦਫ਼ਤਰ ਸੰਪਰਕ ਕਰਨ ਲਈ ਇੱਥੇ ਕਾਲ ਕਰ ਸਕਦੇ ਹੋ: **01 872 7661.** ਉਨ੍ਹਾਂ ਦਾ ਮੁੱਖ ਦਫ਼ਤਰ 7 Red Cow Lane, Smithfield, Dublin 7 ਵਿਖੇ ਸਥਿਤ ਹੈ। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.epiconline.ie**

## SPUNOUT.ie

ਆਇਰਲੈਂਡ ਦੀ ਯੂਥ ਜਾਣਕਾਰੀ ਵੈੱਬਸਾਈਟ ਹੈ ਜੋ ਨੌਜਵਾਨ ਲੋਕਾਂ ਦੁਆਰਾ, ਨੌਜਵਾਨ ਲੋਕਾਂ ਲਈ ਬਣਾਈ ਗਈ ਹੈ। ਇਹ ਵੈਬਸਾਈਟ, ਸਿੱਖਿਆ, ਰੁਜ਼ਗਾਰ ਅਤੇ ਸਿਹਤ ਸਮੇਤ ਵੱਖ-ਵੱਖ ਵਿਸ਼ਿਆਂ ਦੀ ਸੀਮਾ 'ਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.spunout.ie**

## ਬਿਲੌਂਗ ਟੂ ਯੂਥ ਸਰਵਿਸਿਜ਼ (BeLonG To Youth Services)

ਇੱਕ ਰਾਸ਼ਟਰੀ ਸੰਗਠਨ ਹੈ ਜੋ ਆਇਰਲੈਂਡ ਵਿੱਚ ਲੈਸਬਿਅਨ, ਗੇਅ, ਦੁਲਿੰਗੀ, ਵਿਪਰੀਤਲਿੰਗੀ, ਅਤੇ ਮੱਧਲਿੰਗੀ (LGBTI+) ਨੌਜਵਾਨ ਲੋਕਾਂ ਦੀ ਸਮਰਥਕ ਹੈ। ਉਹ ਜਾਣਕਾਰੀ ਅਤੇ ਗੈਰ-ਨਿਰਣਾਕਾਰੀ ਅਤੇ ਗੁਪਤ ਸਹਾਇਤਾ ਪ੍ਰਦਾਨ ਕਰਦੀ ਹੈ। ਉਹ ਨੌਜਵਾਨਾਂ ਸਮੂਹਾਂ ਨੂੰ ਵੀ ਚਲਾਉਂਦੇ ਹਨ। ਉਨ੍ਹਾਂ ਦਾ ਦਫ਼ਤਰ Parliament House, 13 Parliament Street, Dublin 2, D02 P658 ਵਿਖੇ ਸਥਿਤ ਹੈ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **01 670 6223** ਜਾਂ ਇੱਥੇ ਈਮੇਲ ਕਰੋ: **info@belongto.org**. ਤੁਸੀਂ BeLonG ਬਾਰੇ ਹੋਰ ਜਾਣਕਾਰੀ ਲੈਣ ਲਈ ਇੱਥੇ ਜਾ ਕੇ ਪੜ੍ਹ ਸਕਦੇ ਹੋ: **www.belongto.org**

## ਆਈਰਿਸ਼ ਰਿਫਿਉਜ਼ੀ ਕੌਂਸਿਲ (Irish Refugee Council)

ਵਿੱਚ ਇੱਕ ਨਿਰਪੱਖ ਕਨੂੰਨ ਕੇਂਦਰ ਅਤੇ ਡ੍ਰਾਪ-ਇਨ ਸਰਵਿਸ ਹੈ ਜੋ ਵਿਅਕਤੀਗਤ ਸਵਾਲਾਂ 'ਤੇ ਪ੍ਰਤੀਕਿਰਿਆ ਕਰਨ ਅਤੇ ਜਾਣਕਾਰੀ ਪ੍ਰਦਾਨ ਕਰਨ ਦੇ ਯੋਗ ਹੋ ਸਕਦੀ ਹੈ। ਉਹ ਪਨਾਹ ਪ੍ਰਕਿਰਿਆ ਵਿੱਚਲੇ ਨੌਜਵਾਨ ਲੋਕਾਂ ਦੇ ਨਾਲ ਵੀ ਕੰਮ ਕਰਦੇ ਹਨ। ਉਹ 37 Killarney Street, Mountjoy, Dublin 1 ਵਿਖੇ ਸਥਿਤ ਹਨ ਅਤੇ ਉਨ੍ਹਾਂ ਨੂੰ **01 764 5854** 'ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ। Irish Refugee Council ਦੀ ਵੈਬਸਾਈਟ ਇਹ ਹੈ: **www.irishrefugeecouncil.ie**

## NASC Ireland

ਵਿੱਚ ਮੁਫ਼ਤ ਵਾਕ-ਇਨ ਸਰਵਿਸ ਉਪਲਬਧ ਹੈ ਜੋ ਇਮੀਗ੍ਰੇਸ਼ਨ ਅਤੇ ਪਨਾਹ-ਸਬੰਧੀ ਵੱਖ-ਵੱਖ ਮੁੱਦਿਆਂ 'ਤੇ ਕਨੂੰਨੀ ਸਲਾਹ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ। ਉਹ 34 Paul Street, Cork, T12 W14H ਵਿਖੇ ਸਥਿਤ ਹਨ ਅਤੇ ਉਨ੍ਹਾਂ ਨੂੰ **021 427 3594**'ਤੇ ਕਾਲ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.nascireland.org**

## Doras Luimni

ਵੱਖ-ਵੱਖ ਇਮੀਗ੍ਰੇਸ਼ਨ-ਸਬੰਧੀ ਮੁੱਦਿਆਂ 'ਤੇ ਸਲਾਹ ਅਤੇ ਕਨੂੰਨੀ ਜਾਣਕਾਰੀ ਪ੍ਰਦਾਨ ਕਰਦੀ ਹੈ। ਉਹ Central Buildings, 51a O'Connell Street, Limerick ਵਿਖੇ ਸਥਿਤ ਹਨ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **061 310 328**। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.dorasluimni.org**

## Crosscare

ਰਿਹਾਇਸ਼, ਸਮਾਜਕ ਕਲਿਆਣ, ਸਿੱਖਿਆ, ਪਰਿਵਾਰ ਇਕੱਠ ਅਤੇ ਹੋਰ ਇਮੀਗ੍ਰੇਸ਼ਨ ਮੁੱਦਿਆਂ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੀ ਹੈ। ਉਨ੍ਹਾਂ ਦੀ 1 Cathedral Street, Dublin 1 ਵਿਖੇ ਸ਼ਰਨਾਰਥੀਆਂ ਲਈ ਵਾਕ-ਇਨ ਸਰਵਿਸ ਉਪਲਬਧ ਹੈ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **01 873 2844** ਜਾਂ ਇੱਥੇ ਈਮੇਲ ਕਰੋ: **crs@crosscare.ie**। ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.crosscare.ie/refugee-service**

## JRS (Jesuit Refugee Service)

ਆਇਰਲੈਂਡ, ਪਨਾਹ ਦੀ ਪਰਤੱਖ ਪਹੁੰਚ ਮੰਗਣ ਵਾਲੇ ਵਿਅਕਤੀਆਂ ਨੂੰ ਸਹਾਇਤਾ, ਭਾਸ਼ਾ ਕਲਾਸਾਂ ਅਤੇ ਮਨੋਵਿਗਿਆਨਿਕ ਮਦਦ ਪ੍ਰਦਾਨ ਕਰਦੀ ਹੈ। ਉਨ੍ਹਾਂ ਦਾ ਮੁੱਖ ਦਫ਼ਤਰ 54-72 Gardiner Street Upper Dublin 1 D01 TX23 ਵਿਖੇ ਸਥਿਤ ਹੈ। ਤੁਸੀਂ ਇਨ੍ਹਾਂ ਨੂੰ ਇੱਥੇ ਕਾਲ ਕਰਕੇ ਸੰਪਰਕ ਕਰ ਸਕਦੇ ਹੋ: **01 814 8644** ਉਨ੍ਹਾਂ ਦੀ ਵੈਬਸਾਈਟ 'ਤੇ ਸੰਪਰਕ ਫਾਰਮ ਭਰੋ: **www.jrs.ie/index.php/contact**। ਤੁਸੀਂ JRS Ireland ਬਾਰੇ ਹੋਰ ਜਾਣਕਾਰੀ ਇੱਥੋਂ ਪੜ੍ਹ ਸਕਦੇ ਹੋ: **www.jrs.ie**

## ਸਪਿਰਾਸੀ (SPIRASI)

ਯਾਤਨਾ ਤੋਂ ਬਚੇ ਲੋਕਾਂ ਦੀ ਮਦਦ ਕਰਦੀ ਹੈ ਅਤੇ ਅੰਗ੍ਰੇਜ਼ੀ, ਕੰਪਿਊਟਰ ਸਕਿਲਸ ਅਤੇ ਆਰਟ ਸਮੇਤ ਕਈ ਖੇਤਰਾਂ ਵਿੱਚ ਮੁਫ਼ਤ ਕਲਾਸਾਂ ਦਿੰਦੀ ਹੈ। ਇਹ 213 North Circular Road, Phibsborough ਵਿਖੇ ਸਥਿਤ ਹਨ ਅਤੇ ਇਨ੍ਹਾਂ ਨੂੰ **01 838 9664** 'ਤੇ ਸੰਪਰਕ ਕੀਤਾ ਜਾ ਸਕਦਾ ਹੈ।
ਵਧੇਰੀ ਜਾਣਕਾਰੀ ਲਈ ਇੱਥੇ ਜਾਓ: **www.spirasi.ie**

# ਇਹ ਪੁਸਤਿਕਾ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ (United Nations High Commissioner for Refugees, UNHCR) ਆਇਰਲੈਂਡ ਦਫ਼ਤਰ ਦੁਆਰਾ ਵਿਕਸਿਤ ਕੀਤੀ ਗਈ ਹੈ।

UNHCR ਸ਼ਰਨਾਰਥੀਆਂ, ਪਨਾਹ ਮੰਗਣ ਵਾਲਿਆਂ ਅਤੇ ਪ੍ਰਦੇਸ਼-ਰਹਿਤ ਵਿਅਕਤੀਆਂ ਦੀ ਰੱਖਿਆ ਕਰਨ ਲਈ ਸਰਕਾਰਾਂ, ਗੈਰ-ਸਰਕਾਰੀ ਸੰਸਥਾਵਾਂ, ਅਤੇ ਹੋਰਨਾਂ ਸਾਥੀਆਂ ਦੇ ਨਾਲ ਕੰਮ ਕਰਦਾ ਹੈ। ਤੁਸੀਂ ਸਾਡੀ ਵੈੱਬਸਾਈਟ ਇੱਥੇ ਦੇਖ ਸਕਦੇ ਹੋ:
**www.unhcr.org/en-ie**

ਜੇ ਤੁਸੀਂ ਸਾਡੇ ਦਫ਼ਤਰ ‘ਤੇ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ ਇੱਥੇ ਈਮੇਲ ਕਰ ਸਕਦੇ ਹੋ **ireduprt@unhcr.org,** ਜਾਂ ਤੁਸੀਂ ਸਾਨੂੰ ਇੱਥੇ ਕਾਲ ਕਰ ਸਕਦੇ ਹੋ **01 631 4510**।
ਸਾਡਾ ਦਫ਼ਤਰ 102 Pembroke Road, Ballsbridge, Dublin 4 ਵਿਖੇ ਸਥਿਤ ਹੈ।

UNHCR
The UN Refugee Agency

102 Pembroke Road,
Ballsbridge, Dublin 4, Ireland

ਟੈਲੀਫ਼ੋਨ **+353 (0)1 631 4510**
**ireduprt@unhcr.org**
**www.unhcr.org**